Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 132 | Tuesday, July 14, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਸਟੂਡੈਂਟ ਗ੍ਰਾਂਟ ਪ੍ਰੋਗਰਾਮ ਵੁਈ ਚੈਰਿਟੀ ਨੂੰ ਦੇਣ ਬਾਰੇ ਚਰਚਾ ਤੋਂ ਪਾਸੇ ਨਾ ਹੋ ਕੇ ਗਲਤੀ ਕੀਤੀ : ਟਰੂਡੋ



ਓਟਵਾ, 13 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਆਫੀ ਮੰਗਦਿਆਂ ਆਖਿਆ ਕਿ ਜਦੋਂ ਕੈਬਨਿਟ ਵਿੱਚ ਸਟੂਡੈਂਟ ਗ੍ਰਾਂਟ ਪ੍ਰੋਗਰਾਮ ਵੁਈ ਚੈਰਿਟੀ (ੱਓ ਛਹਅਰਟਿ) ਨੂੰ ਦੇਣ ਬਾਰੇ ਚਰਚਾ ਚੱਲ ਰਹੀ ਸੀ ਤਾਂ ਉਨ੍ਹਾਂ ਇਸ ਚਰਚਾ ਤੋਂ ਪਾਸੇ ਨਾ ਹੋ ਕੇ ਬਹੁਤ ਵੱਡੀ ਗਲਤੀ ਕਰ ਲਈ।

ਉਨ੍ਹਾਂ ਆਖਿਆ ਕਿ ਆਪਣੇ ਪਰਿਵਾਰ ਦੇ ਇਸ ਚੈਰਿਟੀ ਨਾਲ ਸਬੰਧਾਂ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ ਇਹ ਚਰਚਾ ਸ਼ੁਰੂ ਹੋਣ ਸਮੇਂ ਹੀ ਪਾਸੇ ਹੋ ਜਾਣਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਹੁਣ ਜਿਹੋ ਜਿਹਾ ਇਸ ਵਾਲੰਟੀਅਰ ਪ੍ਰੋਗਰਾਮ ਨੇ ਮੋੜ ਲੈ ਲਿਆ ਹੈ ਉਸ ਦਾ ਉਨ੍ਹਾਂ ਨੂੰ ਬਹੁਤ ਅਫਸੋਸ ਹੈ। ਉਨ੍ਹਾਂ ਇਸ ਗੱਲ ਉੱਤੇ ਵੀ ਦੁੱਖ ਪ੍ਰਗਟਾਇਆ ਕਿ ਵਿਦਿਆਰਥੀਆਂ ਦੇ ਭਲੇ ਲਈ ਜਿਹੜਾ ਪ੍ਰੋਗਰਾਮ ਲਿਆਂਦਾ ਗਿਆ ਸੀ ਹੁਣ ਉਹ ਅਧਵਾਟੇ ਲਮਕ ਕੇ ਰਹਿ ਗਿਆ ਹੈ।

ਦੋ ਹਫਤਿਆਂ ਵਿੱਚ ਪਹਿਲੀ ਵਾਰੀ ਰੀਡੋ ਕਾਟੇਜ ਤੋਂ ਕੋਵਿਡ-19 ਬਾਰੇ ਫੈਡਰਲ ਸਰਕਾਰ ਦੀ ਤਾਜ਼ਾ ਯੋਜਨਾਬੰਦੀ ਬਾਰੇ ਗੱਲ ਕਰਦਿਆਂ ਟਰੂਡੋ ਨੇ ਉਕਤ ਗੱਲਾਂ ਆਖੀਆਂ। ਜ਼ਿਕਰਯੋਗ ਹੈ ਕਿ ਕੋਵਿਡ-19 ਬਾਰੇ 900 ਮਿਲੀਅਨ ਡਾਲਰ ਦੇ ਸਟੂਡੈਂਟ ਗ੍ਰਾਂਟ ਪ੍ਰੋਗਰਾਮ ਨੂੰ ਪ੍ਰਧਾਨ ਮੰਤਰੀ ਦੀ ਵਾਕਫੀਅਤ ਵਾਲੀ ਚੈਰਿਟੀ ਨੂੰ ਦੇਣ ਦੇ ਫੈਡਰਲ ਸਰਕਾਰ ਦੇ ਫੈਸਲੇ ਕਾਰਨ ਵਿਵਾਦ ਖੜ੍ਹਾ ਹੋ ਗਿਆ ਹੈ। ਐਥਿਕਸ ਕਮਿਸ਼ਨਰ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸਟੂਡੈਂਟ ਗ੍ਰਾਂਟ ਪ੍ਰੋਗਰਾਮ ਰੱਦ ਹੋਣ ਕਾਰਨ ਵੁਈ ਚੈਰਿਟੀ ਨੂੰ ਕਰਨੀ ਪੈ ਰਹੀ ਹੈ ਵਰਕਰਜ਼ ਦੀ ਛਾਂਗੀ



ਟੋਰਾਂਟੋ, 13 ਜੁਲਾਈ (ਪੋਸਟ ਬਿਊਰੋ) : 900 ਮਿਲੀਅਨ ਡਾਲਰ ਵਾਲਾ ਕੋਵਿਡ-19 ਸਟੂਡੈਂਟ ਗ੍ਰਾਂਟ ਪ੍ਰੋਜੈਕਟ ਰੱਦ ਹੋਣ ਦੇ ਨਾਲ ਨਾਲ ਕਥਿਤ ਤੌਰ ਉੱਤੇ ਕਈ ਹੋਰਨਾਂ ਘਪਲਿਆਂ ਵਿੱਚ ਸ਼ਾਮਲ ਹੋਣ ਕਾਰਨ ਵੁਈ ਚੈਰਿਟੀ (WE Charity) ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਈ ਵਰਕਰਜ਼ ਦੀ ਛਾਂਗੀ ਕਰਨੀ ਪੈ ਰਹੀ ਹੈ।

ਇੱਕ ਬਿਆਨ ਵਿੱਚ ਵੁਈ ਚੈਰਿਟੀ ਨੇ ਆਖਿਆ ਕਿ ਸੀਐਸਐਸਜੀ ਪ੍ਰੋਗਰਾਮ ਲਈ ਉਚੇਚੇ ਤੌਰ ਉੱਤੇ ਨਵਾਂ ਤੇ ਵਾਧੂ ਸਟਾਫ ਹਾਇਰ (hire) ਕੀਤਾ ਗਿਆ ਸੀ। ਇਹ ਸਾਰਾ ਨਵਾਂ ਸਟਾਫ ਵੁਈ ਚੈਰਿਟੀ ਦੇ ਪਰਮਾਨੈਂਟ ਸਟਾਫ ਦਾ ਹਿੱਸਾ ਨਹੀਂ ਸੀ। ਹੁਣ ਜਦੋਂ ਸਰਕਾਰ ਵੱਲੋਂ ਇਹ ਫੰਡ ਉਪਲਬਧ ਨਹੀਂ ਹੋਣਗੇ ਤਾਂ ਸਾਨੂੰ ਸੀਐਸਐਸਜੀ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਜਿਨ੍ਹਾਂ ਵਰਕਰਜ਼ ਦੀਆਂ ਸੇਵਾਵਾਂ ਲਈਆਂ ਜਾਣੀਆਂ ਸਨ ਹੁਣ ਉਹ ਨਹੀਂ ਲਈਆਂ ਜਾ ਸਕਣਗੀਆਂ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਪਰਿਵਾਰ ਦਾ ਨਾਂ ਚੈਰਿਟੀ ਨਾਲ ਜੁੜਿਆ ਹੋਣ ਕਾਰਨ ਚੈਰਿਟੀ ਵਿਵਾਦਾਂ ਵਿੱਚ ਘਿਰ ਗਈ। ਇਹ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਇਸ ਦੌਰਾਨ ਕਿੰਨੇ ਵਰਕਰਜ਼ ਦੀ ਛਾਂਗੀ ਕੀਤੀ ਜਾਵੇਗੀ। ਪਰ ਇਸ ਬਿਆਨ ਮੁਤਾਬਕ ਇਸ ਕੰਮ ਵਿੱਚ ਮਦਦ ਲਈ 3500 ਅਰਜ਼ੀਆਂ ਆਈਆਂ ਸਨ।

## ਟੋਰਾਂਟੋ ਏਅਰਪੋਰਟ ਉੱਤੇ ਫੜ੍ਹੀ ਗਈ ਇੱਕ ਮਿਲੀਅਨ ਡਾਲਰ ਦੀ ਕੋਕੀਨ



ਟੋਰਾਂਟੋ, 13 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਪਿਛਲੇ ਮਹੀਨੇ ਫੜ੍ਹੀ ਗਈ 1.27 ਮਿਲੀਅਨ ਡਾਲਰ ਦੀ ਕੋਕੀਨ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਅਨੁਸਾਰ ਇਹ ਡਰੱਗਜ਼ ਇਨ੍ਹਾਂ ਵਿਅਕਤੀਆਂ ਤੋਂ ਉਦੋਂ ਫੜ੍ਹੇ ਗਏ ਜਦੋਂ ਇਹ ਕਮਰਸ਼ੀਅਲ ਏਅਰਲਾਈਨ ਦੇ ਜਹਾਜ਼ ਵਿੱਚ ਕੈਨੇਡਾ ਪਰਤ ਰਹੇ ਸਨ। ਪਹਿਲਾ ਮਾਮਲਾ 18 ਜੂਨ ਨੂੰ ਉਸ ਸਮੇਂ ਦਾ ਹੈ ਜਦੋਂ ਜਮਾਇਕਾ ਤੋਂ ਪਰਤੀ ਇੱਕ ਮਹਿਲਾ ਨੂੰ ਬਾਰਡਰ ਅਧਿਕਾਰੀ ਵੱਲੋਂ ਸੈਕੰਡਰੀ ਜਾਂਚ ਲਈ ਭੇਜਿਆ ਗਿਆ। ਸੋਮਵਾਰ ਨੂੰ ਜਾਰੀ ਨਿਊਜ਼ ਰਲੀਜ਼ ਵਿੱਚ ਆਰਸੀਐਮਪੀ ਨੇ ਆਖਿਆ ਕਿ ਆਫੀਸਰਜ਼ ਵੱਲੋਂ ਛੇ ਫੂਡ ਪੈਕੇਜਿਜ਼ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ ਕਈ ਆਈਟਮਾਂ ਵਿੱਚ 6.6 ਕਿਲੋਗ੍ਰਾਮ ਕੋਕੀਨ ਪਾਈ ਗਈ।ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਅੰਦਾਜ਼ੇ ਮੁਤਾਬਕ ਇਹ ਡਰੱਗਜ 825,000 ਡਾਲਰ ਦੇ ਨੇੜੇ ਤੇੜੇ ਦੇ ਹੋਣਗੇ।

ਦੂਜਾ ਮਾਮਲਾ ਪਹਿਲੇ ਤੋਂ ਇੱਕ ਹਫਤੇ ਤੋਂ ਵੀ ਘੱਟ ਸਮੇਂ ਵਿੱਚ 23 ਜੂਨ ਨੂੰ ਉਸ ਸਮੇਂ ਵਾਪਰਿਆ ਜਦੋਂ ਜਮਾਇਕਾ ਤੋਂ ਟੋਰਾਂਟੋ ਪਹੁੰਚੀ ਇੱਕ ਹੋਰ ਮਹਿਲਾ ਨੂੰ ਸੈਕੰਡਰੀ ਜਾਂਚ ਲਈ ਭੇਜਿਆ ਗਿਆ। ਬਾਰਡਰ ਅਧਿਕਾਰੀਆਂ ਵੱਲੋਂ ਮਹਿਲਾ ਦੇ ਸਮਾਨ ਦੀ ਤਲਾਸ਼ੀ ਲਈ ਗਈ ਤੇ ਕਥਿਤ ਤੌਰ ਉੱਤੇ ਉਨ੍ਹਾਂ ਨੂੰ 3.85 ਕਿਲੋਗ੍ਰਾਮ ਕੋਕੀਨ ਅੱਠ ਫੂਡ ਪੈਕੇਜਿਜ਼ ਵਿੱਚ ਲੁਕੀ ਮਿਲੀ। ਇਨ੍ਹਾਂ ਡਰੱਗਜ਼ ਦੀ ਅੰਦਾਜ਼ਨ ਕੀਮਤ 447,500 ਡਾਲਰ ਦੇ ਲੱਗਭਗ ਹੈ। ਆਰਸੀਐਮਪੀ ਨੇ ਦੱਸਿਆ ਕਿ ਦੋਵਾਂ ਮਹਿਲਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਡਰੱਗਜ਼ ਵੀ ਕਬਜੇ ਵਿੱਚ ਕਰ ਲਏ ਗਏ ਹਨ। ਇਟੋਬੀਕੋ ਵਾਸੀ 76 ਸਾਲਾ ਮੈਵਿਸ ਕੋਰੇਟਾ ਸੈਗਰੀ ਤੇ ਹੈਮਿਲਟਨ ਵਾਸੀ 31 ਸਾਲਾ ਆਮਰਾਨ ਜਾਮਾ ਨੂੰ ਕੰਟਰੋਲਡ ਡਰੱਗਜ਼ ਤੇ ਸਬਸਟਾਂਸਿਜ਼ ਐਕਟ ਤਹਿਤ ਪਾਬੰਦੀਸ਼ੁਦਾ ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਹੈ।

## ਸ਼ੁੱਕਰਵਾਰ ਨੂੰ ਓਨਟਾਰੀਓ ਤੀਜੇ ਪੜਾਅ ਵਿੱਚ ਹੋਵੇਗਾ ਦਾਖਲ

### ਟੋਰਾਂਟੋ ਸਮੇਤ ਹੌਟਸਪੌਟਸ ਕੁੱਝ ਸਮੇਂ ਲਈ ਹੋਰ ਦੂਜੇ ਪੜਾਅ ਵਿੱਚ ਹੀ ਰਹਿਣਗੇ




ਓਨਟਾਰੀਓ, 13 ਜੁਲਾਈ (ਪੋਸਟ ਬਿਊਰੋ) : ਪ੍ਰੋਵਿੰਸ ਦਾ ਕਹਿਣਾ ਹੈ ਕਿ ਕੋਵਿਡ-19 ਦੇ ਕੰਮਬੈਕ ਪਲੈਨ ਤਹਿਤ ਸ਼ੁੱਕਰਵਾਰ ਰਾਤੀਂ 12:01 ਵਜੇ ਓਨਟਾਰੀਓ ਤੀਜੇ ਪੜਾਅ ਵਿੱਚ ਦਾਖਲ ਹੋਵੇਗਾ ਤਾਂ ਇਸ ਦੇ ਲੱਗਭਗ ਸਾਰੇ ਕਾਰੋਬਾਰਾਂ ਤੇ ਜਨਤਕ ਥਾਂਵਾਂ ਨੂੰ ਖੋਲ੍ਹ ਦਿੱਤਾ ਜਾਵੇਗਾ। ਪਰ ਟੋਰਾਂਟੋ ਸਮੇਤ ਹੌਟਸਪੌਟਸ ਕੁੱਝ ਸਮੇਂ ਲਈ ਹੋਰ ਦੂਜੇ ਪੜਾਅ ਵਿੱਚ ਹੀ ਰਹਿਣਗੇ।

ਇਸ ਸਮੇਂ ਪ੍ਰੋਵਿੰਸ ਦੂਜੇ ਪੜਾਅ ਵਿੱਚ ਹੈ। ਤੀਜੇ ਪੜਾਅ ਵਿੱਚ ਰੈਸਟੋਰੈਂਟਸ, ਜਿੰਮ ਅਤੇ ਕੈਸੀਨੋਜ਼ ਨੂੰ ਖੋਲ੍ਹ ਦਿੱਤਾ ਜਾਵੇਗਾ ਪਰ ਇੱਕ ਸਮੇਂ ਇਨ੍ਹਾਂ ਥਾਂਵਾਂ ਉੱਤੇ ਦਾਖਲ ਹੋਣ ਵਾਲੇ ਵਿਅਕਤੀਆਂ ਦੀ ਹੱਦ ਮਿਥੀ ਜਾਵੇਗੀ। ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ ਲੋਕਾਂ ਦੇ ਇਕੱਠ ਦੀ ਸਮਰੱਥਾ ਇੰਡੋਰ ਲਈ 50 ਫੀ ਸਦੀ ਤੇ ਆਊਟਡੋਰ ਲਈ 100 ਫੀ ਸਦੀ ਹੋ ਜਾਵੇਗੀ। ਫਿਜ਼ੀਕਲ ਡਿਸਟੈਂਸਿੰਗ ਵਾਲੇ ਨਿਯਮ ਦੀ ਅਜੇ ਵੀ ਪਾਲਣਾ ਕਰਨੀ ਹੋਵੇਗੀ।

ਪ੍ਰੋਵਿੰਸ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਪੜਾਅ ਤਿੰਨ ਦਾ ਮਤਲਬ ਇਹ ਨਹੀਂ ਹੈ ਕਿ ਇਸ ਘਾਤਕ ਵਾਇਰਸ ਦਾ ਅੰਤ ਹੋ ਗਿਆ ਹੈ। ਹਰ ਕਿਸੇ ਨੂੰ ਚੌਕਸ ਰਹਿਣਾ ਹੋਵੇਗਾ ਤੇ ਪਬਲਿਕ ਹੈਲਥ ਐਡਵਾਈਸ ਦਾ ਪਾਲਣ ਕਰਨਾ ਹੋਵੇਗਾ। ਇਸ ਦੇ ਨਾਲ ਹੀ ਕੰਮਵਾਲੀ ਥਾਂ ਉੱਤੇ ਸੇਫਟੀ ਗਾਈਡਲਾਈਨਜ਼ ਦਾ ਵੀ ਪਾਲਣ ਕਰਨਾ ਹੋਵੇਗਾ। ਤੀਜੇ ਪੜਾਅ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਤੇ ਕਾਰੋਬਾਰ ਖੋਲ੍ਹਣੇ ਕਾਫੀ ਰਿਸਕੀ ਹਨ:

- ਐਮਿਊਜ਼ਮੈਂਟ ਪਾਰਕ ਤੇ ਵਾਟਰ ਪਾਰਕ
- ਬੁਫੇਅ ਸਟਾਈਲ ਫੂਡ ਸਰਵਿਸਿਜ਼
- ਰੈਸਟੋਰੈਂਟਸ ਵਿੱਚ ਡਾਂਸ ਤੇ ਬਾਰਜ਼ (ਸਬੰਧਤ ਅਦਾਰੇ ਵੱਲੋਂ ਹਾਇਰ ਕੀਤੇ ਪਰਫੌਰਮਰਜ਼ ਤੋਂ ਇਲਾਵਾ)
- ਬਚਿਆਂ ਵੱਲੋਂ ਰਾਤ ਕੈਂਪ ਵਿੱਚ ਗੁਜ਼ਾਰਨਾ
- ਪ੍ਰਾਈਵੇਟ ਕੈਰੀਓਕੇ ਰੂਮਜ਼
- ਖੇਡਾਂ ਵਿੱਚ ਹਿੱਸਾ ਲੈਂਦੇ ਸਮੇਂ ਲੰਮਾਂ ਸਮਾਂ ਜਾਂ ਜਾਣਬੁਝ ਕੇ ਦੂਜਿਆਂ ਦੇ ਸੰਪਰਕ ਵਿੱਚ ਰਹਿਣਾ
- ਸੌਨਾਜ਼, ਸਟੀਮ ਰੂਮਜ਼, ਬਾਥ ਹਾਊਸ ਤੇ ਆਕਸੀਜਨ ਬਾਰਜ਼
- ਕੈਸੀਨੋਜ਼ ਵਿੱਚ ਟੇਬਲ ਗੇਮਜ਼ ਤੇ ਹੋਰ ਗੇਮਿੰਗ ਅਦਾਰੇ

ਹੇਠਾਂ ਦਿੱਤੇ ਇਲਾਕਿਆਂ ਨੂੰ ਛੱਡ ਕੇ ਸਾਰੇ ਰੀਜਨਜ਼ ਤੀਜੇ ਪੜਾਅ ਵਿੱਚ ਦਾਖਲ ਹੋਣ ਦੇ ਯੋਗ ਹੋਣਗੇ:

- ਦਰਹਾਮ ਰੀਜਨ ਹੈਲਥ ਡਿਪਾਰਟਮੈਂਟ
- ਹਾਲਡੇਮੰਡ-ਨੌਰਫੋਕ ਹੈਲਥ ਯੂਨਿਟ
- ਹਾਲਟਨ ਰੀਜਨ ਪਬਲਿਕ ਹੈਲਥ
- ਹੈਮਿਲਟਨ ਪਬਲਿਕ ਹੈਲਥ ਸਰਵਿਸਿਜ਼
- ਲੈਂਬਟਨ ਪਬਲਿਕ ਹੈਲਥ
- ਨਾਇਗਰਾ ਰੀਜਨ ਪਬਲਿਕ ਹੈਲਥ
- ਪੀਲ ਪਬਲਿਕ ਹੈਲਥ
- ਟੋਰਾਂਟੋ ਪਬਲਿਕ ਹੈਲਥ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance, Critical illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ? ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Law Office of Aman Sharma
Real Estate - Commercial Lease - Business Purchase & Sale - Notarizations & Affidavits - Wills & Power Of Attorney
Fax: 905-913-2344 Tel: 905-913-2255
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202 To Reach Wider Audience

PROTECT YOUR HOME FROM PESTS
Pest Control
100% Success rate for bed bug Treatment | Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ 647-784-1213 www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ | ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ | ਨਵਾਂ ਘਾਹ ਲਵਾਉ | ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished Legal Basement, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3 | Shinder Kelley 905-362-0755

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

# ਕੋਵਰਿਗ ਤੇ ਸਪੇਵਰ ਬਦਲੇ ਮੈਂਗ ਦੀ ਰਿਹਾਈ ਦੇ ਹੱਕ ਵਿੱਚ ਨਹੀਂ ਹਨ ਬਹੁਤੇ ਕੈਨੇਡੀਅਨ : ਨੈਨੋਜ਼ ਸਰਵੇਖਣ

ਟੋਰਾਂਟੋ, 13 ਜੁਲਾਈ (ਪੋਸਟ ਬਿਊਰੋ) : ਨੈਨੋਜ਼ ਵੱਲੋਂ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ ਅੱਧੇ ਤੋਂ ਵੱਧ ਕੈਨੇਡੀਅਨਜ਼ ਮੈਂਗ ਵਾਨਜ਼ੋਊ ਬਦਲੇ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਨੂੰ ਛੁਡਵਾਉਣ ਦੇ ਹੱਕ ਵਿੱਚ ਨਹੀਂ ਹਨ।



ਇਸ ਤੋਂ ਇਲਾਵਾ ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਫੈਡਰਲ ਸਰਕਾਰ ਨੂੰ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਚੀਨ ਦੀ ਕੈਦ ਤੋਂ ਛੁਡਵਾਉਣ ਲਈ ਕੋਸ਼ਿਸ਼ਾਂ ਤੇਜ਼ ਕਰ ਦੇਣੀਆਂ ਚਾਹੀਦੀਆਂ ਹਨ। ਕੈਨੇਡੀਅਨਾਂ ਦਾ ਇਹ ਵੀ ਮੰਨਣਾ ਹੈ ਕਿ ਹੁਏਵੇਈ ਦੀ ਐਗਜ਼ੈਕਟਿਵ, ਜਿਹੜੀ ਫਰਾਡ ਦੇ ਮਾਮਲੇ ਵਿੱਚ ਅਮਰੀਕਾ ਨੂੰ ਲੋੜੀਂਦੀ ਹੈ ਤੇ ਕੈਨੇਡਾ ਦੀ ਅਦਾਲਤ ਵਿੱਚ ਹਵਾਲਗੀ ਦੇ ਮਾਮਲੇ ਦਾ ਸਾਹਮਣਾ ਕਰ ਰਹੀ ਹੈ, ਦੀ ਹੋਣੀ ਅਦਾਲਤ ਉੱਤੇ ਛੱਡ ਦੇਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ 2018 ਵਿੱਚ ਮੈਂਗ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਹਿਰਾਸਤ ਵਿੱਚ ਲੈਣ ਤੋਂ ਬਾਅਦ ਕੋਵਰਿਗ ਤੇ ਸਪੇਵਰ ਨੂੰ ਦਸੰਬਰ ਵਿੱਚ ਚੀਨ ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਪਿਛਲੇ ਮਹੀਨੇ ਦੋਵਾਂ ਕੈਨੇਡੀਅਨਾਂ ਉੱਤੇ ਜਾਸੂਸੀ ਕਰਨ ਦੇ ਦੋਸ਼ ਲਾਏ ਗਏ ਹਨ। ਦੋਵਾਂ ਕੈਨੇਡੀਅਨਾਂ ਦੀ ਗ੍ਰਿਫਤਾਰੀ ਨੂੰ ਚੀਨ ਵੱਲੋਂ ਸਿਆਸੀ ਪੱਧਰ ਉੱਤੇ ਕੀਤੀ ਗਈ ਜਵਾਬੀ ਕਾਰਵਾਈ ਵਜੋਂ ਵੇਖਿਆ ਜਾ ਰਿਹਾ ਹੈ। ਦੂਜੇ ਪਾਸੇ ਚੀਨੀ ਸਰਕਾਰ ਇਸ ਤੋਂ ਇਨਕਾਰ ਕਰ ਰਹੀ ਹੈ।

ਕੈਦੀਆਂ ਦੀ ਅਦਲਾ ਬਦਲੀ ਦਾ ਆਈਡੀਆ ਜੂਨ ਦੇ ਅਖੀਰ ਵਿੱਚ ਉਦੋਂ ਜ਼ੋਰ ਫੜ੍ਹਨ ਲੱਗਿਆ ਜਦੋਂ ਚੀਨ ਦੇ ਵਿਦੇਸ਼ੀ ਅੰਬੈਸੀ ਦੇ ਬੁਲਾਰੇ ਨੇ ਇਹ ਸੁਝਾਅ ਦਿੱਤਾ ਕਿ ਜੇ ਕੈਨੇਡਾ ਮੈਂਗ ਨੂੰ ਰਿਹਾਅ ਕਰਦਾ ਹੈ ਤਾਂ ਉਸ ਦਾ ਅਸਰ ਕੋਵਰਿਗ ਤੇ ਸਪੇਵਰ ਦੀ ਰਿਹਾਈ ਉੱਤੇ ਵੀ ਪਵੇਗਾ। ਇਸ ਤੋਂ ਇਲਾਵਾ 19 ਸਾਬਕਾ ਉੱਘੇ ਸਿਆਸਤਦਾਨਾਂ ਤੇ ਡਿਪਲੋਮੈਟਸ ਨੇ ਵੀ ਪ੍ਰਧਾਨ ਮੰਤਰੀ ਨੂੰ ਲਿਖ ਕੇ ਇਹ ਅਪੀਲ ਕੀਤੀ ਸੀ ਕਿ ਉਹ ਦੋ ਕੈਨੇਡੀਅਨਾਂ ਦੀ ਰਿਹਾਈ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮੈਂਗ ਦੀ ਹਵਾਲਗੀ ਸਬੰਧੀ ਪ੍ਰਕਿਰਿਆ ਨੂੰ ਰੋਕ ਦੇਣ।

ਪਰ ਟਰੂਡੋ ਵੱਲੋਂ ਇਸ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਆਖਿਆ ਸੀ ਕਿ ਇਸ ਤਰ੍ਹਾਂ ਵਿਦੇਸ਼ਾਂ ਵਿੱਚ ਜਾਣ ਵਾਲੇ ਕੈਨੇਡੀਅਨਾਂ ਲਈ ਬਹੁਤ ਮੁਸ਼ਕਲ ਹੋ ਜਾਵੇਗੀ ਕਿਉਂਕਿ ਕੋਈ ਵੀ ਕੈਨੇਡੀਅਨਾਂ ਨੂੰ ਫੜ੍ਹ ਕੇ ਆਪਣੀ ਮਰਜ਼ੀ ਮੁਤਾਬਕ ਕੋਈ ਵੀ ਕੰਮ ਕਰਵਾਉਣ ਲਈ ਕੈਨੇਡਾ ਉੱਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰੇਗਾ।

ਇਸ ਸਰਵੇਖਣ ਵਿੱਚ ਵੀ ਇਹੋ ਸਾਹ-ਮਣੇ ਆਇਆ ਹੈ ਕਿ ਟਰੂਡੋ ਦੇ ਇਸ ਫੈਸਲੇ ਦੇ ਹੀ ਬਹੁਤੇ ਕੈਨੇਡੀਅਨ ਹਾਮੀ ਹਨ। ਨੈਨੋਜ਼ ਦੇ ਇਸ ਸਰਵੇਖਣ ਅਨੁਸਾਰ 40 ਫੀ ਸਦੀ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਕੈਦੀਆਂ ਦੀ ਇਸ ਤਰ੍ਹਾਂ ਅਦਲਾ ਬਦਲੀ ਦੇ ਖਿਲਾਫ ਹਨ, ਹੋਰਨਾਂ 16 ਫੀ ਸਦੀ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਕਿਸੇ ਹੱਦ ਤੱਕ ਇਸ ਵਿਚਾਰ ਦੇ ਖਿਲਾਫ ਹਨ ਤੇ 16 ਫੀ ਸਦੀ ਨੇ ਮੰਨਿਆ ਕਿ ਉਹ ਅਜਿਹਾ ਕਰਨ ਦੇ ਹੱਕ ਵਿੱਚ ਹਨ ਜਦਕਿ 19 ਫੀ ਸਦੀ ਨੇ ਆਖਿਆ ਕਿ ਉਹ ਕੁੱਝ ਹੱਦ ਤੱਕ ਇਸ ਤਰ੍ਹਾਂ ਦੀ ਅਦਲਾ ਬਦਲੀ ਦੇ ਹੱਕ ਵਿੱਚ ਹਨ। 9 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਦੀ ਇਸ ਬਾਰੇ ਕੋਈ ਪੱਕੀ ਰਾਇ ਨਹੀਂ ਹੈ। 68 ਫੀ ਸਦੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਮੈਂਗ ਦੇ ਕੇਸ ਦਾ ਨਿਪਟਾਰਾ ਅਦਾਲਤ ਵਿੱਚ ਹੀ ਹੋਣਾ ਚਾਹੀਦਾ ਹੈ ਜਦਕਿ 22 ਫੀ ਸਦੀ ਦਾ ਮੰਨਣਾ ਹੈ ਕਿ ਅਜਿਹਾ ਸਰਕਾਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ। 10 ਫੀ ਸਦੀ ਇਸ ਬਾਰੇ ਕੋਈ ਰਾਇ ਨਹੀਂ ਰੱਖਦੇ।

# ਫੈਡਰਲ ਸਰਕਾਰ ਵੇਜ ਸਬਸਿਡੀ ਪ੍ਰੋਗਰਾਮ ਵਿੱਚ ਕਰੇਗੀ ਵਾਧਾ

ਓਟਵਾ, 13 ਜੁਲਾਈ (ਪੋਸਟ ਬਿਊਰੋ) : ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਐਲਾਨ ਕੀਤਾ ਕਿ ਲਿਬਰਲ ਸਰਕਾਰ ਵੇਜ ਸਬਸਿਡੀ ਪ੍ਰੋਗਰਾਮ ਵਿੱਚ ਦਸੰਬਰ ਤੱਕ ਵਾਧਾ ਕਰੇਗੀ।

ਕੈਨੇਡਾ ਐਮਰਜੰਸੀ ਵੇਜ ਸਬਸਿਡੀ (ਸੀਈਡਬਲਿਊਐਸ) ਵਿੱਚ ਇਹ ਦੂਜਾ ਵਾਧਾ ਕੀਤਾ ਗਿਆ ਹੈ। 15 ਮਈ ਨੂੰ ਸਰਕਾਰ ਨੇ ਇਸ ਪ੍ਰੋਗਰਾਮ ਵਿੱਚ 12 ਹਫਤਿਆਂ ਦਾ ਵਾਧਾ ਕੀਤਾ ਸੀ ਤੇ ਇਸ ਨੂੰ ਵਧਾ ਕੇ 29 ਅਗਸਤ ਤੱਕ ਕਰ ਦਿੱਤਾ ਗਿਆ ਸੀ। ਓਟਵਾ ਵਿੱਚ ਰੀਡੋ ਕਾਟੇਜ ਦੇ ਬਾਹਰੋਂ ਪ੍ਰੈਸ ਕਾਨਫਰੰਸ ਕਰਦਿਆਂ ਟਰੂਡੋ ਨੇ ਆਖਿਆ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਫੈਡਰਲ ਸਰਕਾਰ ਤੁਹਾਡੇ ਪਰਿਵਾਰ, ਤੁਹਾਡੇ ਇੰਪਲੌਇਰ, ਤੁਹਾਡੀ ਲੋਕਲ ਬਿਜ਼ਨਸ ਡੀਲ ਬਾਰੇ ਜੋ ਕੁੱਝ ਵੀ ਸੋਚ ਰਹੀ ਹੈ ਉਹ ਤੁਹਾਨੂੰ ਨਾਲ ਦੀ ਨਾਲ ਦੱਸਿਆ ਜਾਂਦਾ ਰਿਹਾ ਹੈ। ਅਸੀਂ ਅੱਗੇ ਵੀ ਇਸ ਅਹਿਮ ਕੰਮ ਨੂੰ ਕਰਨਾ ਜਾਰੀ ਰੱਖਾਂਗੇ।




27 ਮਾਰਚ ਨੂੰ ਐਲਾਨੇ ਗਏ ਸੀਈਡਬਲਿਊਐਸ ਪ੍ਰੋਗਰਾਮ ਵਿੱਚ ਯੋਗ ਕਾਰੋਬਾਰਾਂ ਤੇ ਗੈਰ ਮੁਨਾਫੇ ਵਾਲੇ ਅਦਾਰਿਆਂ ਨੂੰ ਆਪਣੇ ਕਰਮਚਾਰੀਆਂ ਨੂੰ ਕੰਮ ਉੱਤੇ ਬਣਾਈ ਰੱਖਣ ਲਈ 75 ਫੀ ਸਦੀ ਖਰਚਾ ਫੈਡਰਲ ਸਰਕਾਰ ਵੱਲੋਂ ਬਰਦਾਸ਼ਤ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਪ੍ਰੋਗਰਾਮ ਦਾ ਇੱਕਮਾਤਰ ਮਕਸਦ ਕਰਮਚਾਰੀਆਂ ਨੂੰ ਕੰਮ ਉੱਤੇ ਬਣੇ ਰਹਿਣ ਦੇਣਾ ਸੀ ਤਾਂ ਕਿ ਜਦੋਂ ਪਾਬੰਦੀਆਂ ਹਟਾਈਆਂ ਜਾਣ ਤਾਂ ਕਾਰੋਬਾਰ ਜਲਦ ਲੀਹ ਉੱਤੇ ਆ ਸਕਣ ਤੇ ਅਰਥਚਾਰਾ ਮੁੜ ਸ਼ੁਰੂ ਹੋ ਸਕੇ। ਪਿਛਲੇ ਬੁੱਧਵਾਰ ਦੇ ਵਿੱਤੀ ਸਨੈਪਸ਼ੌਟ ਵਿੱਚ 82.3 ਬਿਲੀਅਨ ਦੀ ਪ੍ਰੋਜੈਕਸ਼ਨ, 45 ਬਿਲੀਅਨ ਡਾਲਰ ਦੇ ਅਸਲ ਅੰਦਾਜ਼ੇ ਤੋਂ ਕਾਫੀ ਜ਼ਿਆਦਾ ਹੈ।

# ਅਸਤੀਫਾ ਦੇਣ ਤੋਂ ਬਾਅਦ ਡਿਪਟੀ ਕੰਜ਼ਰਵੇਟਿਵ ਆਗੂ ਨੇ ਮੈਕੇਅ ਨੂੰ ਸਮਰਥਨ ਦੇਣ ਦਾ ਕੀਤਾ ਐਲਾਨ

ਓਟਵਾ, 13 ਜੁਲਾਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੀ ਅਹੁਦਾ ਛੱਡ ਰਹੀ ਡਿਪਟੀ ਆਗੂ ਵੱਲੋਂ ਆਪਣਾ ਸਮਰਥਨ ਲੀਡਰਸ਼ਿਪ ਦਾਅਵੇਦਾਰ ਪੀਟਰ ਮੈਕੇਅ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਐਲਾਨ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਕੁੱਝ ਸਮੇਂ ਬਾਅਦ ਕੀਤਾ।

21 ਅਗਸਤ ਨੂੰ ਹੋਣ ਵਾਲੀ ਵੋਟਿੰਗ ਲਈ ਹੁਣ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਚਾਰੇ ਉਮੀਦਵਾਰਾਂ ਵੱਲੋਂ ਆਪਣਾ ਪੂਰਾ ਟਿੱਲ ਲਾਇਆ ਜਾ ਰਿਹਾ ਹੈ ਤੇ ਵੱਧ ਤੋਂ ਵੱਧ ਸਮਰਥਨ ਜੁਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਹੀ ਸੋਮਵਾਰ ਸਵੇਰੇ ਲਿਓਨਾ ਐਲੇਸਲੇਵ ਨੇ ਟਵਿੱਟਰ ਉੱਤੇ ਇਹ ਐਲਾਨ ਕੀਤਾ।



ਉਨ੍ਹਾਂ ਟਵਿੱਟਰ ਉੱਤੇ ਦਿੱਤੇ ਸੁਨੇਹੇ ਵਿੱਚ ਆਖਿਆ ਕਿ ਕੈਨੇਡਾ ਦਾ ਭਵਿੱਖ ਅਸਥਿਰ ਹੈ। ਕੈਨੇਡਾ ਨੂੰ ਅਜਿਹੇ ਆਗੂ ਦੀ ਲੋੜ ਹੈ ਜਿਸ ਕੋਲ ਸਾਡੇ ਸਮਿਆਂ ਦੀਆਂ ਤਰਜੀਹਾਂ ਨਾਲ ਨਜਿੱਠਣ ਦਾ ਤਜਰਬਾ ਵੀ ਹੋਵੇ ਤੇ ਵੱਲ ਵੀ ਹੋਵੇ। ਇਸੇ ਲਈ ਉਹ ਪੀਟਰ ਮੈਕੇਅ ਨੂੰ ਆਪਣਾ ਸਮਰਥਨ ਦੇਣ ਜਾ ਰਹੇ ਹਨ। ਐਲੇਸਲੇਵ ਨੇ ਆਖਿਆ ਕਿ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਅਗਲੇ ਆਗੂ ਦੀ ਚੋਣ ਉਨ੍ਹਾਂ ਲਈ ਕਾਫੀ ਮਾਇਨੇ ਰੱਖਦੀ ਹੈ। ਉਨ੍ਹਾਂ ਅੱਗੇ ਆਖਿਆ ਕਿ ਉਹ ਭਾਵੇਂ ਵਿਰੋਧੀ ਧਿਰ ਦੀ ਡਿਪਟੀ ਆਗੂ ਵਜੋਂ ਅਸਤੀਫਾ ਦੇਣ ਜਾ ਰਹੀ ਹੈ ਪਰ ਲੀਡਰਸ਼ਿਪ ਕੈਂਪੇਨ ਵਿੱਚ ਉਹ ਪੂਰੀ ਸਰਗਰਮੀ ਨਾਲ ਹਿੱਸਾ ਲਵੇਗੀ।

ਜ਼ਿਕਰਯੋਗ ਹੈ ਕਿ ਨਵੰਬਰ 2019 ਵਿੱਚ ਐਂਡਰਿਊ ਸ਼ੀਅਰ ਵੱਲੋਂ ਐਲੇਸਲੇਵ ਨੂੰ ਡਿਪਟੀ ਆਗੂ ਨਿਯੁਕਤ ਕੀਤਾ ਗਿਆ ਸੀ। ਇੱਥੇ ਦੱਸਣਾ ਬਣਦਾ ਹੈ ਕਿ ਐਲੇਸਲੇਵ ਲਿਬਰਲ ਪਾਰਟੀ ਨੂੰ ਛੱਡ ਕੇ ਟੋਰੀ ਪਾਰਟੀ ਵਿੱਚ ਸ਼ਾਮਲ ਹੋਈ ਸੀ।

# ਮਿਊਂਸਪੈਲਿਟੀਜ਼ ਨੂੰ ਦਿੱਤੀ ਜਾਣ ਵਾਲੀ ਵਿੱਤੀ ਮਦਦ ਦਾ ਖੁਲਾਸਾ ਕਰਨ ਤੋਂ ਫੋਰਡ ਸਰਕਾਰ ਨੇ ਕੀਤਾ ਇਨਕਾਰ

ਟੋਰਾਂਟੋ, 13 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਮਿਊਂਸਪੈਲਿਟੀਜ਼ ਨੂੰ ਆਰਥਿਕ ਮਦਦ ਦੇਣ ਦਾ ਵਾਅਦਾ ਕੀਤਾ ਜਾ ਰਿਹਾ ਹੈ। ਪਰ ਫੋਰਡ ਸਰਕਾਰ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਆਰਥਿਕ ਮਾਰ ਝੱਲ ਰਹੀਆਂ ਮਿਊਂਸਪੈਲਿਟੀਜ਼ ਲਈ ਉਹ ਕਿੰਨੇ ਫੰਡ ਰਾਖਵੇਂ ਰੱਖ ਰਹੀ ਹੈ।



ਕੈਨੇਡਾ ਭਰ ਦੇ ਮਿਊਂਸਪਲ ਆਗੂਆਂ ਵੱਲੋਂ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕ-ਾਰਾਂ ਕੋਲੋਂ 10 ਬਿਲੀਅਨ ਡਾਲਰ ਤੱਕ ਦੀ ਵਿੱਤੀ ਮਦਦ ਮੰਗੀ ਜਾ ਰਹੀ ਹੈ। ਓਨਟਾਰੀਓ ਦੀਆਂ ਮਿਊਂਸਪੈਲਿਟੀਜ਼ ਸਾਂਝੀ ਆਰਥਿਕ ਰਾਹਤ ਵਜੋਂ 4 ਬਿਲੀਅਨ ਡਾਲਰ ਦੀ ਮੰਗ ਕਰ ਰਹੀਆਂ ਹਨ। ਸਿਟੀਜ਼ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਇਨ੍ਹਾਂ ਫੰਡਾਂ ਤੋਂ ਬਿਨਾਂ ਸੇਵਾਵਾਂ ਵਿੱਚ ਵੱਡੀਆਂ ਕਟੌਤੀਆਂ ਜਾਂ ਪ੍ਰਾਪਰਟੀ ਟੈਕਸਾਂ ਵਿੱਚ ਵਾਧਾ ਕਰਨ ਤੋਂ ਬਿਨਾਂ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਬਚੇਗਾ। ਬਜਟ ਵਿਚਲੇ ਖੱਪਿਆਂ ਨੂੰ ਪੂਰਨ ਲਈ ਕੁੱਝ ਮਿਊਂਸਪੈਲਿਟੀਜ਼ ਨੇ ਤਾਂ ਟੈਕਸਾਂ ਵਿੱਚ 30 ਫੀ ਸਦੀ ਤੱਕ ਵਾਧਾ ਕੀਤੇ ਜਾਣ ਤੱਕ ਦੀ ਗੱਲ ਆਖੀ ਹੈ।

ਹਾਲਾਂਕਿ ਹੁਣ ਤੱਕ ਟਰੂਡੋ ਸਰਕਾਰ ਪ੍ਰੋਵਿੰਸਾਂ ਨੂੰ ਦਿੱਤੇ ਜਾਣ ਵਾਲੇ ਮਹਾਂਮਾਰੀ ਸਬੰਧੀ ਫੰਡਾਂ ਲਈ 14 ਬਿਲੀਅਨ ਡਾਲਰ ਦੀ ਪੇਸ਼ਕਸ਼ ਕਰ ਚੁੱਕੀ ਹੈ, ਇਹ ਉਨ੍ਹਾਂ ਹਾਲਾਤ ਉੱਤੇ ਵੀ ਨਿਰਭਰ ਕਰਦਾ ਹੈ ਕਿ ਇਸ ਰਕਮ ਨੂੰ ਆਖਿਰਕਾਰ ਕਿਸ ਤਰ੍ਹਾਂ ਖਰਚਿਆ ਜਾਣਾ ਚਾਹੀਦਾ ਹੈ। ਪ੍ਰੋਵਿੰਸ ਇਸ ਨੂੰ ਟੈਸਟਾ ਦੀ ਸਮਰੱਥਾ ਵਧਾਉਣ, ਕਾਂਟੈਕਟ ਟਰੇਸਿੰਗ, ਹੈਲਥ ਕੇਅਰ ਕਪੈਸਿਟੀ ਤੇ ਮਿਊਂਸਪੈਲਿਟੀਜ਼ ਦੀ ਮਦਦ ਲਈ ਖਰਚ ਸਕਦੇ ਹਨ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਹ ਫੈਡਰਲ ਸਰਕਾਰ ਨਾਲ ਇਨ੍ਹਾਂ ਫੰਡਾਂ ਦੇ ਸਬੰਧ ਵਿੱਚ ਗੱਲ ਕਰ ਰਹੇ ਹਨ ਤੇ ਉਨ੍ਹਾਂ ਮੁਤਾਬਕ ਓਨਟਾਰੀਓ ਦੇ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਇਹ 5 ਬਿਲੀਅਨ ਡਾਲਰ ਬਣਦੇ ਹਨ। ਉਨ੍ਹਾਂ ਆਖਿਆ ਕਿ ਉਹ ਫੈਡਰਲ ਸਰਕਾਰ ਤੋਂ ਇਹ ਮੰਗ ਵੀ ਕਰ ਰਹੇ ਹਨ ਕਿ ਪ੍ਰੋਵਿੰਸਾਂ ਨੂੰ ਆਪਣੀ ਲੋੜ ਮੁਤਾਬਕ ਇਹ ਫੰਡ ਖਰਚਣ ਦਿੱਤੇ ਜਾਣ ਤੇ ਇਨ੍ਹਾਂ ਸਬੰਧੀ ਸਾਰੀਆਂ ਸ਼ਰਤਾਂ ਹਟਾ ਲਈਆਂ ਜਾਣ।

# ਬਰੈਂਪਟਨ ਸਿਟੀ ਕਾਊਂਸਲ ਵੱਲੋਂ ਏਐਸਈ ਸਬੰਧੀ ਮਤੇ ਨੂੰ ਦਿੱਤੀ ਗਈ ਮਨਜ਼ੂਰੀ

ਬਰੈਂਪਟਨ, 13 ਜੁਲਾਈ (ਪੋਸਟ ਬਿਊਰੋ): ਬੀਤੇ ਦਿਨੀਂ ਸਿਟੀ ਕਾਊਂਸਲ ਨੇ ਸਰਬਸੰਮਤੀ ਨਾਲ ਆਟੋਮੇਟਿਡ ਸਪੀਡ ਐਨਫੋਰਸਮੈਂਟ (ਏਐਸਈ) ਲਾਗੂ ਕਰਨ ਲਈ ਮਨਜ਼ੂਰੀ ਦੇ ਦਿੱਤੀ। ਤੇਜ਼ ਰਫਤਾਰੀ ਤੇ ਟਰੈਫਿਕ ਸਬੰਧੀ ਘਟਨਾਵਾਂ ਨੂੰ ਘਟਾਉਣ ਲਈ ਅਤੇ ਬਰੈਂਪਟਨ ਵਾਸੀਆਂ ਲਈ ਰੋਡ ਸੇਫਟੀ ਨੂੰ ਯਕੀਨੀ ਬਣਾਉਣ ਲਈ 200 ਲੋਕੇਸ਼ਨਾਂ ਉੱਤੇ ਹੁਣ ਏਐਸਈ ਲਾਗੂ ਹੋਵੇਗਾ।

ਇਸ ਸਮੇਂ ਪੰਜ ਲੋਕੇਸ਼ਨਾਂ ਉੱਤੇ ਏਐਸਈ ਨੋਟੀਫਿਕੇਸ਼ਨ ਸਾਈਨਜ਼ ਲੱਗੇ ਹੋਏ ਹਨ ਜਿੱਥੇ ਸਤੰਬਰ 2020 ਤੱਕ ਕੈਮਰੇ ਲਾਏ ਜਾਣਗੇ:




- ਵਾਰਡ 1 ਵੌਡਨ ਸਟਰੀਟ ਈਸਟ (ਕੈਨੇਡੀ ਰੋਡ ਅਤੇ ਸੈਂਟਰ ਸਟਰੀਟ ਦਰਮਿਆਨ)
- ਵਾਰਡ 2 ਰਿਚਵਾਲੇ ਡਰਾਈਵ ਨੌਰਥ (ਕੈਨੇਡੀ ਰੋਡ ਤੇ ਸੈਂਡਲਵੁਡ ਪਾਰਕਵੇਅ ਦਰਮਿਆਨ)
- ਵਾਰਡ 3 ਰੇਅ ਲਾਅਸਨ ਬੋਲੀਵੀਆਰਡ (ਹੁਰੌਨਤਾਰੀਓ ਸਟਰੀਟ ਤੇ ਮੈਕਲਾਫਲਿਨ ਰੋਡ ਦਰਮਿਆਨ)
- ਵਾਰਡ 8 ਐਵਨਡੇਲ ਬੋਲੀਵੀਆਰਡ (ਬ੍ਰਾਮੇਲੀਆ ਰੋਡ ਤੇ ਬਰਚਬੈਂਕ ਰੋਡ ਦਰਮਿਆਨ)
- ਵਾਰਡ 9 ਫਰਨਫੌਰੈਸਟ ਡਰਾਈਵ (ਬੋਵੇਅਰਡ ਡਰਾਈਵ ਤੇ ਸੈਂਡਲਵੁਡ ਪਾਰਕਵੇਅ ਦਰਮਿਆਨ)

ਸਿਟੀ ਸਤੰਬਰ 2020 ਤੱਕ 25 ਵਾਧੂ ਕਮਿਊਨਿਟੀ ਸੇਫਟੀ ਜੋਨਜ਼ ਕਾਇਮ ਕਰਨ ਵੱਲ ਕੰਮ ਕਰ ਰਹੀ ਹੈ। ਸਿਟੀ ਭਰ ਵਿੱਚ ਏਐਸਈ ਦੇ ਸਮਰਥਨ ਲਈ ਸਟਾਫ ਵੱਲੋਂ ਵਾਧੂ ਕੈਮਰੇ ਵੀ ਖਰੀਦੇ ਜਾਣਗੇ। ਇਹ ਪ੍ਰੋਗਰਾਮ ਇਸ ਸਾਲ ਦੇ ਅੰਤ ਤੱਕ ਮੁਕੰਮਲ ਹੋਣ ਦੀ ਉਮੀਦ ਹੈ।

ਜਾਗਰੂਕਤਾ ਲਈ ਸਿਟੀ ਵਿੱਚ ਐਂਟਰੀ ਪੁਆਇੰਟਸ ਉੱਤੇ ਸਾਈਨ ਲਾਏ ਜਾਣਗੇ ਤਾਂ ਕਿ ਗੱਡੀਆਂ ਚਲਾਉਣ ਵਾਲਿਆਂ ਨੂੰ ਇਹ ਪਤਾ ਲੱਗ ਸਕੇ ਕਿ ਏਐਸਈ ਪ੍ਰਭਾਵੀ ਹੋ ਚੁੱਕੀ ਹੈ ਤੇ ਕਮਿਊਨਿਟੀ ਵਿੱਚ ਤੇਜ਼ ਰਫਤਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਜੌਹਨ ਟਰੈਵੋਲਟਾ ਦੀ ਪਤਨੀ ਕੈਲੀ ਪ੍ਰੈਸਟਨ ਨਹੀ ਰਹੀ

ਲਾਸ ਏਂਜਲਸ, 13 ਜੁਲਾਈ (ਪੋਸਟ ਬਿਊਰੋ) : ਅਦਾਕਾਰਾ ਕੈਲੀ ਪ੍ਰੈਸਟਨ ਦੀ ਐਤਵਾਰ ਨੂੰ ਮੌਤ ਹੋ ਗਈ। ਇਹ ਜਾਣਕਾਰੀ ਉਸ ਦੇ ਪਤੀ ਜੌਹਨ ਟਰੈਵੋਲਟਾ ਨੇ ਦਿੱਤੀ। ਉਹ 57 ਸਾਲਾਂ ਦੀ ਸੀ। ਕੈਲੀ ਨੇ "ਟਵਿਨਜ਼" ਤੇ "ਜੈਰੀ ਮੈਗੁਆਇਰ" ਵਰਗੀਆਂ ਮਸ਼ਹੂਰ ਫਿਲਮਾਂ ਵਿੱਚ ਕੰਮ ਕੀਤਾ।

ਐਤਵਾਰ ਦੇਰ ਰਾਤ ਟਰੈਵੋਲਟਾ ਨੇ ਆਪਣੀ ਪਤਨੀ ਦੀ ਮੌਤ ਦੀ ਪੁਸ਼ਟੀ ਇੰਸਟਾਗ੍ਰਾਮ ਉੱਤੇ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਬ੍ਰੈਸਟ ਕੈਂਸਰ ਨਾਲ ਦੋ ਸਾਲ ਲੜਨ ਤੋਂ ਬਾਅਦ ਜ਼ਿੰਦਗੀ ਦੀ ਜੰਗ ਹਾਰ ਗਈ। 28 ਸਾਲਾਂ ਦੇ ਆਪਣੇ ਵਿਆਹੁਤਾ ਜੀਵਨ ਦੀ ਗੱਲ ਕਰਦਿਆਂ ਟਰੈਵੋਲਟਾ ਨੇ ਆਖਿਆ ਕਿ ਉਨ੍ਹਾਂ ਦੀ ਪਤਨੀ ਨੇ ਬੜੀ ਹਿੰਮਤ ਨਾਲ ਇਹ ਲੜਾਈ ਲੜੀ।

ਪ੍ਰੈਸਟਨ ਨੇ ਲੰਮਾਂ ਫਿਲਮੀ ਤੇ



ਟੈਲੀਵਿਜ਼ਨ ਕਰੀਅਰ ਹੰਢਾਇਆ। ਕਈ ਫਿਲਮਾਂ ਵਿੱਚ ਉਹ ਆਪਣੇ ਪਤੀ ਨਾਲ ਵੀ ਨਜ਼ਰ ਆਈ। ਦੋਵਾਂ ਦੇ ਤਿੰਨ ਬੱਚੇ ਹਨ। ਪ੍ਰੈਸਟਨ ਤੇ ਟਰੈਵੋਲਟਾ ਦਾ ਵਿਆਹ 1991 ਵਿੱਚ ਪੈਰਿਸ ਵਿੱਚ ਹੋਇਆ ਸੀ। ਉਸ ਸਮੇਂ ਇਸ ਜੋੜੇ ਦੇ ਪਹਿਲਾ ਬੇਟਾ ਜੈਟ ਹੋਣ ਵਾਲਾ ਸੀ। ਜਨਵਰੀ 2009 ਵਿੱਚ ਬਹਾਮਾਸ ਵਿੱਚ ਪਰਿਵਾਰ ਵੱਲੋਂ ਮਨਾਈਆਂ ਜਾ ਰਹੀਆਂ ਛੁੱਟੀਆਂ ਸਮੇਂ ਦੌਰਾ ਪੈਣ ਕਾਰਨ, ਉਸ ਸਮੇਂ 16 ਸਾਲਾਂ ਦੇ, ਜੈਟ ਟਰੈਵੋਲਟਾ ਦੀ ਮੌਤ ਹੋ ਗਈ ਸੀ। ਬੱਚੇ ਦੀ ਮੌਤ ਨੇ ਦੋਵਾਂ ਜੀਆਂ ਦੇ ਮਨਾਂ ਉੱਤੇ ਡੂੰਘਾ ਅਸਰ ਪਾਇਆ। ਪ੍ਰੈਸਟਨ ਤੇ ਟਰੈਵੋਲਟਾ ਨੇ ਮੁੜ ਐਕਟਿੰਗ ਸ਼ੁਰੂ ਕੀਤੀ ਤੇ ਦ ਲਾਸਟ ਸੌਂਗ ਵਿੱਚ ਕੰਮ ਕੀਤਾ। 2000 ਵਿੱਚ ਇਸ ਜੋੜੇ ਦੇ ਘਰ ਧੀ ਐਲਾ ਬਲਿਊ ਨੇ ਜਨਮ ਲਿਆ ਤੇ 2010 ਵਿੱਚ ਦੂਜੇ ਬੇਟੇ ਬੈਂਜਾਮਿਨ ਨੇ ਜਨਮ ਲਿਆ। ਟਰੈਵੋਲਟਾ ਤੇ ਪ੍ਰੈਸਟਨ ਦੀ ਪਹਿਲੀ ਮੁਲਾਕਾਤ 1988 ਵਿੱਚ "ਦ ਐਕਸਪਰਟਸ" ਨਾਂ ਦੀ ਫਿਲਮ ਕਰਦੇ ਸਮੇਂ ਹੋਈ। ਉਨ੍ਹਾਂ ਆਖਰੀ ਵਾਰੀ ਇਕੱਠਿਆਂ 2018 ਵਿੱਚ ਬਣੀ ਫਿਲਮ "ਗੋਟੀ" ਵਿੱਚ ਕੰਮ ਕੀਤਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਸੋਸ਼ਲ ਮੀਡੀਆ ਭਾਵੇਂ ਨਹੀਂ ਚੀਜ਼ ਮਾੜੀ,
ਕਰ'ਤੀ ਸ਼ੋਹਦਿਆਂ ਬੜੀ ਬਦਨਾਮ ਬੇਲੀ।
ਖਾਤਾ ਕਿਸੇ ਦਾ ਭੜੂਆ ਕੋਈ ਵਰਤ ਜਾਂਦਾ,
ਕਹਿੰਦੇ ਕੰਮ ਇਹ ਹੁੰਦਾ ਪਿਆ ਆਮ ਬੇਲੀ।
ਰੱਫੜ ਸੁਬਹਾ ਨੂੰ ਪਿਆ ਕੋਈ ਹੋਰ ਹੁੰਦਾ,
ਰੱਫੜ ਪਿਆ ਸੁਣਦਾ ਅਗਲਾ ਸ਼ਾਮ ਬੇਲੀ।
ਜੀਹਦਾ ਨਾਂਅ ਕੋਈ ਤੀਜਾ ਹੈ ਵਰਤ ਜਾਂਦਾ,
ਉਸ ਨੂੰ ਹੁੰਦਾ ਨਹੀਂ ਕੋਈ ਇਲਹਾਮ ਬੇਲੀ।
ਬਹੁਤੀ ਦਿੱਸਦੀ ਬਦਨਾਮੀ ਆ ਫੇਸਬੁਕ ਦੀ,
ਜਿਹੜੀ ਬਣ ਗਈ ਵਿਵਾਦਾਂ ਦੀ ਪੰਡ ਬੇਲੀ।
ਕਰ-ਕਰ ਝੂਠੇ ਐਲਾਨ ਕੁਝ ਚੈਰਿਟੀ ਲਈ,
ਉਗਰਾਹੁੰਦੇ ਠੱਗ ਵੀ ਕਈ ਹਨ ਫੰਡ ਬੇਲੀ।

ਤੀਸ ਮਾਰ ਖਾਂ

# ਕਾਂਗਰਸ ਵਿੱਚ ਸੱਤਾ ਸੰਘਰਸ਼: ਰਾਜਸਥਾਨ ਵਿੱਚ 109 ਵਿਧਾਇਕਾਂ ਨਾਲ ਮੁੱਖ ਮੰਤਰੀ ਗਹਿਲੋਤ ਨੇ ਤਾਕਤ ਦਿਖਾਈ

### * ਸਚਿਨ ਪਾਇਲਟ ਵੱਲੋਂ ਕਈ ਵਿਧਾਇਕ ਨਾਲ ਹੋਣ ਦਾ ਦਾਅਵਾ



ਨਵੀਂ ਦਿੱਲੀ, 13 ਜੁਲਾਈ, (ਪੋਸਟ ਬਿਊਰੋ)- ਰਾਜਸਥਾਨ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਤੋੜਨ-ਬਚਾਉਣ ਦੀ ਅੰਦਰੂਨੀ ਸਿਆਸੀ ਜੰਗ ਦੇ ਪਹਿਲੇ ਗੇੜ ਵਿੱਚ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ 109 ਵਿਧਾਇਕ ਦੀ ਹਮਾਇਤ ਮੀਡੀਏ ਦੇ ਸਾਹਮਣੇ ਪੇਸ਼ ਕਰ ਦਿੱਤੀ ਹੈ। ਇਸ ਨਾਲ ਉਸ ਦੀ ਸਰਕਾਰ ਨੂੰ ਖਤਰਾ ਇੱਕ ਵਾਰੀ ਟਲ ਗਿਆ ਲੱਗਣ ਲੱਗਾ ਹੈ, ਪਰ ਪਾਰਟੀ ਦਾ ਮੱਧ ਪ੍ਰਦੇਸ਼ ਤੋਂ ਬਾਅਦ ਉੱਭਰਿਆ ਇਹ ਗੰਭੀਰ ਸਿਆਸੀ ਸੰਕਟ ਹਾਲੇ ਖਤਮ ਨਹੀਂ ਹੋਇਆ।

ਮੁੱਖ ਮੰਤਰੀ ਅਸ਼ੋਕ ਗਹਿਲੋਤ ਲਈ ਚੁਣੌਤੀ ਪੇਸ਼ ਕਰਨ ਵਾਲੇ ਡਿਪਟੀ ਮੁੱਖ ਮੰਤਰੀ ਸਚਿਨ ਪਾਇਲਟ ਨੇ ਆਪਣੇ ਇਰਾਦੇ ਸਾਫ ਜ਼ਾਹਰ ਕਰਦਿਆਂ ਅੱਜ ਐਲਾਨ ਕਰ ਦਿੱਤਾ ਕਿ ਉਹ ਆਪਣੀਆਂ ਸ਼ਰਤਾਂ ਤੋਂ ਪਿੱਛੇ ਹਟਣ ਲਈ ਕਿਸੇ ਤਰ੍ਹਾਂ ਵੀ ਤਿਆਰ ਨਹੀਂ, ਪਰ ਭਾਜਪਾ ਵਿੱਚ ਸ਼ਾਮਲ ਹੋਣ ਦੇ ਚਰਚਿਆਂ ਨੂੰ ਰੱਦ ਕਰਦੇ ਹੋਏ ਆਪਣੇ ਮੁੱਖ ਮੰਤਰੀ ਦੇ ਨਾਲ 109 ਵਿਧਾਇਕਾਂ ਦੀ ਹਮਾਇਤ ਦਾ ਦਾਅਵਾ ਵੀ ਰੱਦ ਕਰ ਦਿੱਤਾ। ਸਚਿਨ ਪਾਇਲਟ ਨੇ ਕਿਹਾ ਕਿ ਮੁੱਖ ਮੰਤਰੀ ਦੇ ਨਾਲ ਸਿਰਫ 84 ਵਿਧਾਇਕ ਹਨ ਅਤੇ ਉਨ੍ਹਾਂ ਕੋਲ ਬਹੁ-ਸੰਮਤੀ ਬਿਲਕੁਲ ਨਹੀਂ ਹੈ।

ਦੂਸਰੇ ਪਾਸੇ ਕਾਂਗਰਸ ਹਾਈ ਕਮਾਨ ਨੇ ਸਚਿਨ ਪਾਇਲਟ ਦੀ ਬਗ਼ਾਵਤ ਨੂੰ ਰੋਕਣ ਲਈ ਉਨ੍ਹਾਂ ਨੂੰ ਮਨਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ ਤੇ ਸਮਝੌਤੇ ਦੇ ਫਾਰਮੂਲੇ ਨਾਲ ਬਗ਼ਾਵਤ ਦੇ ਰਾਹ ਤੋਂ ਮੋੜਨ ਵਾਸਤੇ ਪਾਇਲਟ ਦਾ ਸਿਆਸੀ ਸਨਮਾਨ ਕਾਂਗਰਸ ਵਿੱਚ ਵਧਾਉਣ ਦਾ ਬਦਲ ਖੁੱਲ੍ਹਾ ਰੱਖਣ ਦੀ ਗੱਲ ਕਹੀ ਹੈ। ਸੰਕਟ ਦੇ ਹੱਲ ਲਈ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ ਬੈਠੇ ਰਣਦੀਪ ਸੁਰਜੇਵਾਲਾ ਨੇ ਸਚਿਨ ਪਾਇਲਟ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਾਰਟੀ ਮੀਟਿੰਗ ਵਿੱਚ ਆ ਕੇ ਆਪਣੀ ਨਾਰਾਜ਼ਗੀ ਬਾਰੇ ਖੁੱਲ੍ਹੀ ਚਰਚਾ ਕਰਨ ਦੀ ਅਪੀਲ ਕੀਤੀ ਹੈ, ਤਾਂ ਜੁ ਸੰਕਟ ਹਟਾਇਆ ਜਾ ਸਕੇ।

ਗਹਿਲੋਤ-ਪਾਇਲਟ ਦਾ ਟਕਰਾਅ ਟਾਲ਼ਣ ਲਈ ਐਤਵਾਰ ਤਿੰਨ ਸੀਨੀਅਰ ਨੇਤਾਵਾਂ ਰਣਦੀਪ ਸੁਰਜੇਵਾਲਾ, ਅਜੇ ਮਾਕਨ ਅਤੇ ਅਵਿਨਾਸ਼ ਪਾਂਡੇ ਨੂੰ ਜੈਪੁਰ ਭੇਜਣ ਦਾ ਹਾਈ ਕਮਾਨ ਦਾ ਕਦਮ ਪਹਿਲੇ ਦਿਨ ਕਾਮਯਾਬ ਰਿਹਾ ਅਤੇ ਤਿੰਨਾਂ ਦੀ ਹਾਜ਼ਰੀ ਵਿੱਚ ਮੁੱਖ ਮੰਤਰੀ ਗਹਿਲੋਤ ਦੇ ਘਰ ਸੋਮਵਾਰ ਨੂੰ ਵਿਧਾਇਕ ਦਲ ਦੀ ਬੈਠਕ ਵਿਚ 106 ਵਿਧਾਇਕ ਆਣ ਪੁੱਜੇ ਸਨ। ਰਾਜਸਥਾਨ ਵਿਧਾਨ ਸਭਾ ਵਿੱਚ ਬਹੁ-ਸੰਮਤੀ ਲਈ 101 ਵਿਧਾਇਕਾਂ ਦੀ ਲੋੜ ਹੈ। ਇਸ ਤੋਂ ਵੱਧ 109 ਵਿਧਾਇਕਾਂ ਦੇ ਆਪਣੇ ਨਾਲ ਹੋਣ ਦਾ ਭਰੋਸਾ ਹੁੰਦੇ ਸਾਰ ਮੁੱਖ ਮੰਤਰੀ ਅਸ਼ੋਕ ਗਹਿਲੋਤ ਤੇ ਕਾਂਗਰਸ ਦੇ ਕੇਂਦਰੀ ਨੇਤਾਵਾਂ ਨੇ ਬਾਹਰ ਆ ਕੇ ਜੇਤੂ ਚਿੰਨ੍ਹ ਬਣਾਏ ਅਤੇ ਸਚਿਨ ਪਾਇਲਟ ਤੇ ਉਨ੍ਹਾਂ ਦੇ ਸਾਥੀ ਵਿਧਾਇਕਾਂ ਨੂੰ ਬਗ਼ਾਵਤ ਨਾ ਛੱਡਣ ਉੱਤੇ ਕਾਰਵਾਈ ਦੀ ਅਸਿੱਧੀ ਚਿਤਾਵਨੀ ਵੀ ਦੇ ਦਿੱਤੀ। ਅੱਜ ਦੀ ਵਿਧਾਇਕ ਦਲ ਦੀ ਬੈਠਕ ਵਿੱਚ ਕਾਂਗਰਸ ਦੀ ਸਰਕਾਰ ਨੂੰ ਕਮਜ਼ੋਰ ਕਰਨ ਵਾਲੇ ਲੋਕਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਦਾ ਮਤਾ ਵੀ ਪਾਸ ਕੀਤਾ ਗਿਆ। ਇਸ ਪਿੱਛੋਂ ਸਚਿਨ ਪਾਇਲਟ ਦੇ ਇਰਾਦੇ ਤੇ ਭਾਜਪਾ ਦੇ ਆਪ੍ਰੇਸ਼ਨ ਲੋਟਸ ਦੇ ਡਰ ਕਾਰਨ ਸਾਰੇ ਵਿਧਾਇਕਾਂ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਨੂੰ ਜੈਪੁਰ ਵਿੱਚ ਇਕ ਰਿਜ਼ਾਰਟ ਵਿੱਚ ਭੇਜ ਦਿੱਤਾ ਗਿਆ ਹੈ। ਓਧਰ ਦਿੱਲੀ ਵਿੱਚ ਕਾਂਗਰਸ ਹਾਈ ਕਮਾਨ ਤੇ ਹੋਰਨਾਂ ਵੱਲੋਂ ਸਚਿਨ ਪਾਇਲਟ ਨੂੰ ਮਨਾਉਣ ਵਾਸਤੇ ਸਾਰਾ ਦਿਨ ਕੋਸ਼ਿਸ਼ ਹੁੰਦੀ ਰਹੀ, ਜਿਸ ਦੌਰਾਨ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਤੋਂ ਇਲਾਵਾ ਘੱਟੋ-ਘੱਟ ਪੰਜ ਸੀਨੀਅਰ ਨੇਤਾਵਾਂ ਨੇ ਸਚਿਨ ਪਾਇਲਟ ਨਾਲ ਫੋਨ ਉੱਤੇ ਗੱਲ ਕਰ ਕੇ ਉਨ੍ਹਾਂ ਨੂੰ ਜੈਪੁਰ ਜਾਣ ਦੀ ਸਲਾਹ ਦਿੱਤੀ।

## ਸਰਕਾਰੀ ਖਜ਼ਾਨੇ ਜਿੰਨੇ ਮਾਲ ਵਾਲੇ ਪਦਮਨਾਭਸਵਾਮੀ ਮੰਦਰ ਉੱਤੇ ਰਾਜ ਪਰਿਵਾਰ ਦਾ ਕਬਜ਼ਾ ਰਹੇਗਾ

### * ਹਾਈ ਕੋਰਟ ਦਾ ਪਹਿਲਾ ਫੈਸਲਾ ਸੁਪਰੀਮ ਕੋਰਟ ਵੱਲੋਂ ਰੱਦ



ਨਵੀਂ ਦਿੱਲੀ, 13 ਜੁਲਾਈ, (ਪੋਸਟ ਬਿਊਰੋ)- ਭਾਰਤ ਦੇ ਸਭ ਤੋਂ ਵੱਧ ਧਨਾਢ ਮੰਦਰਾਂ ਵਿੱਚ ਗਿਣੇ ਜਾਣ ਵਾਲੇ ਕੇਰਲਾ ਦੇ ਪਦਮਨਾਭਸਵਾਮੀ ਮੰਦਰ ਦੇ ਪ੍ਰਬੰਧ ਤੇ ਜਾਇਦਾਦ ਬਾਰੇ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਅਹਿਮ ਫ਼ੈਸਲਾ ਦਿਤਾ ਹੈ। ਕੋਰਟ ਨੇ ਪਦਮਨਾਭਸਵਾਮੀ ਮੰਦਰ ਦੀ ਸੇਵਾ ਤੇ ਪ੍ਰਬੰਧ ਲਈ ਟ੍ਰਾਵਣਕੋਰ ਦੇ ਰਾਜ ਪਰਿਵਾਰ ਦੇ ਅਧਿਕਾਰ ਨੂੰ ਮਾਨਤਾ ਦੇ ਦਿੱਤੀ ਅਤੇ ਇਸ ਮੰਦਰ ਦਾ ਪ੍ਰਬੰਧ ਇਕ ਟਰੱਸਟ ਬਣਾ ਕੇ ਰਾਜ ਸਰਕਾਰ ਨੂੰ ਸੌਂਪਣ ਦੇ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਟ੍ਰਾਵਣਕੋਰ ਰਾਜ ਪਰਿਵਾਰ ਦੀ ਅਪੀਲ ਮਨਜ਼ੂਰ ਕਰ ਲਈ ਹੈ।

ਅੱਜ ਦੇ ਇਸ ਅਹਿਮ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਮੰਦਰ ਦਾ ਪ੍ਰਬੰਧ ਕਰਨ ਲਈ ਸਲਾਹਕਾਰ ਤੇ ਪ੍ਰਸ਼ਾਸਨਿਕ ਦੋ ਕਮੇਟੀਆਂ ਬਣਾਉਣ ਅਤੇ ਕਿਸੇ ਵੱਕਾਰ ਵਾਲੇ ਚਾਰਟਰਡ ਅਕਾਉਂਟੈਂਟ ਤੋਂ 25 ਸਾਲਾਂ ਦਾ ਆਡਿਟ ਕਰਾਉਣ ਦਾ ਹੁਕਮ ਵੀ ਦਿੱਤਾ ਹੈ। ਕੋਰਟ ਨੇ ਮੰਦਰ ਦੀ ਜਾਇਦਾਦ ਦੀ ਸੁਰੱਖਿਆ, ਪ੍ਰਬੰਧ ਅਤੇ ਸ਼ਰਧਾਲੂਆਂ ਦੀ ਸਹੂਲਤ ਵਧਾਉਣ ਵਾਸਤੇ ਵੀ ਆਦੇਸ਼ ਦਿੱਤੇ ਹਨ, ਪਰ 'ਕੱਲਾਰ ਬੀ', ਯਾਨੀ ਰਹੱਸਮਈ ਮੰਨੀ ਜਾਣ ਵਾਲੀ ਛੇਵੀਂ ਤਿਜੌਰੀ ਖੋਲ੍ਹਣ ਦਾ ਖੁਦ ਆਦੇਸ਼ ਨਹੀਂ ਦਿੱਤਾ, ਸਗੋਂ ਇਸ ਨੂੰ ਖੋਲ੍ਹਣ ਦਾ ਫ਼ੈਸਲਾ ਨਵੀਂਆਂ ਬਣਨ ਵਾਲੀਆਂ ਦੋ ਸਲਾਹਕਾਰ ਤੇ ਪ੍ਰਸ਼ਾਸਨਿਕ ਕਮੇਟੀਆਂ ਉੱਤੇ ਛੱਡ ਦਿੱਤਾ ਹੈ। ਇਸ ਤੋਂ ਪਹਿਲਾਂ ਕੋਰਟ ਦੇ ਹੁਕਮ ਉੱਤੇ ਮੰਦਰ ਦੀਆਂ ਪੰਜ ਤਿਜੌਰੀਆਂ ਖੋਲ੍ਹੀਆਂ ਗਈਆਂ ਹਨ, ਜਿਨ੍ਹਾਂ ਤੋਂ ਕੱਢੀ ਗਈ ਕਰੋੜਾਂ ਰੁਪਏ ਦੀ ਜਾਇਦਾਦ ਤੇ ਗਹਿਣਿਆਂ ਦੀ ਸੂਚੀ ਬਣਾਈ ਗਈ ਸੀ, ਪਰ ਕੱਲਾਰ ਬੀ ਨੂੰ ਖੋਲ੍ਹਣ ਉੱਤੇ ਕੋਰਟ ਨੇ ਰੋਕ ਲਾ ਦਿੱਤੀ ਸੀ। ਕੱਲਾਰ ਬੀ ਬਾਰੇ ਕੇਰਲਾ ਵਿੱਚ ਮਾਨਤਾ ਹੈ ਕਿ ਜੇ ਇਸ ਨੂੰ ਖੋਲ੍ਹਿਆ ਗਿਆ ਤਾਂ ਅਨਰਥ ਹੋ ਸਕਦਾ ਹੈ, ਜਿਸ ਕਰ ਕੇ ਇਹ ਖੋਲ੍ਹੀ ਨਹੀਂ ਜਾਣੀ ਚਾਹੀਦੀ।

ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਇੰਦੂ ਮਲਹੋਤਰਾ ਦੇ ਬੈਂਚ ਨੇ ਇਸ ਫੈਸਲੇ ਨਾਲ ਕੇਰਲਾ ਦੀ ਹਾਈ ਕੋਰਟ ਦੇ ਫ਼ੈਸਲੇ ਵਿਰੁੱਧ ਰਾਜ ਪਰਿਵਾਰ ਦੀ ਅਪੀਲ ਮਨਜ਼ੂਰ ਕਰ ਕੇ ਕਿਹਾ ਕਿ ਸਮਝੌਤਾ ਪੱਤਰ ਉੱਤੇ ਦਸਤਖ਼ਤ ਕਰਨ ਵਾਲੇ ਰਾਜਾ ਸ੍ਰੀਚਿੱਤਰ ਥਿਰੁਨਲ ਬਲਰਾਮ ਵਰਮਾ ਦੀ ਮੌਤ ਹੋਣ ਨਾਲ ਰਾਜ ਪਰਿਵਾਰ ਦਾ ਮੰਦਰ ਉੱਤੇ ਪ੍ਰਬੰਧ ਤੇ ਸੇਵਾ-ਸੰਭਾਲ ਦਾ ਅਧਿਕਾਰ ਖ਼ਤਮ ਨਹੀਂ ਹੁੰਦਾ ਤੇ ਇਹ ਸੇਵਾਦਾਰੀ ਟ੍ਰਾਵਣਕੋਰ ਕੋਚੀਨ ਹਿੰਦੂ ਰਿਲੀਜੀਅਸ ਐਕਟ ਦੀਆਂ ਤਜਵੀਜ਼ਾਂ ਤੇ ਰਵਾਇਤਾਂ ਮੁਤਾਬਕ ਉਨ੍ਹਾਂ ਦੇ ਵਾਰਸਾਂ ਕੋਲ ਰਹੇਗੀ। ਕੋਰਟ ਨੇ ਮੰਦਰ ਪ੍ਰਬੰਧ ਬਾਰੇ ਵਿਸਥਾਰ ਨਾਲ ਨਿਰਦੇਸ਼ ਦਿੰਦੇ ਹੋਏ ਦੋ ਕਮੇਟੀਆਂ, ਸਲਾਹਕਾਰ ਕਮੇਟੀ ਤੇ ਪ੍ਰਸ਼ਾਸਨਿਕ ਕਮੇਟੀ ਬਣਾਉਣ ਨੂੰ ਕਿਹਾ ਹੈ, ਪਰ ਕਮੇਟੀਆਂ ਬਣਨ ਤਕ ਮੰਦਰ ਦਾ ਪ੍ਰਬੰਧ ਕੇਰਲਾ ਦੇ ਟ੍ਰਾਵਣਕੋਰ ਜ਼ਿਲ੍ਹੇ ਦੇ ਜ਼ਿਲ੍ਹਾ ਜੱਜ ਦੀ ਪ੍ਰਧਾਨਗੀ ਵਾਲੀ ਕਮੇਟੀ ਦੇਖੇਗੀ ਤੇ ਮੰਦਰ ਦੇ ਮੁੱਖ ਪੁਜਾਰੀ (ਚੀਫ ਤੰਤਰੀ) ਦੇ ਨਿਰਦੇਸ਼ਾਂ ਉੱਤੇ ਰਵਾਇਤ ਮੁਤਾਬਕ ਪੂਜਾ ਪ੍ਰਬੰਧ ਚੱਲੇਗਾ। ਕੋਰਟ ਨੇ ਕਿਹਾ ਕਿ ਮੰਦਰ ਵਿੱਚ ਚੜ੍ਹਾਵਾ ਤੇ ਹੋਰ ਢੰਗਾਂ ਨਾਲ ਹੁੰਦੀ ਆਮਦਨੀ ਨੂੰ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਲਈ ਸਲਾਹਕਾਰ ਕਮੇਟੀ ਵੱਲੋਂ ਦੱਸੇ ਧਾਰਮਿਕ ਕੰਮਾਂ ਵਿੱਚ ਖਰਚ ਕੀਤਾ ਜਾਵੇਗਾ ਤੇ ਇਸ ਆਮਦਨੀ ਨੂੰ ਉਸ ਥਾਂ ਲਾਇਆ ਜਾਵੇਗਾ, ਜਿਸ ਦਾ ਲਾਭ ਹੋਵੇ ਅਤੇ ਮੰਦਰ ਦੀ ਜਾਇਦਾਦ ਦਾ ਸੁਰੱਖਿਅਤ ਰਹਿਣਾ ਯਕੀਨੀ ਹੋਵੇ। ਕੋਰਟ ਨੇ ਆਦੇਸ਼ ਦਿੱਤਾ ਹੈ ਕਿ ਐਮੀਕਸ ਕਿਊਰੀ ਦੀ ਸਲਾਹ ਦੇ ਮੁਤਾਬਕ ਕਿਸੇ ਵੱਕਾਰ ਵਾਲੇ ਸੀ ਏ ਤੋਂ 25 ਸਾਲ ਦਾ ਆਡਿਟ ਕਰਵਾਇਆ ਜਾਵੇ।

## ਬ੍ਰਿਟੇਨ ਵਿੱਚ ਨਵੇਂ ਇਮੀਗ੍ਰੇਸ਼ਨ ਕਾਨੂੰਨ ਹੇਠ ਅਪਰਾਧੀ ਪਿਛੋਕੜ ਵਾਲੇ ਲੋਕਾਂ ਉੱਤੇ ਪਾਬੰਦੀ ਲੱਗੇਗੀ




ਲੰਡਨ, 13 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਦੇ ਨਵੇਂ ਇਮੀਗ੍ਰੇਸ਼ਨ ਕਾਨੂੰਨ ਹੇਠ ਇੱਕ ਸਾਲ ਤੋਂ ਵੱਧ ਸਮਾਂ ਜੇਲ ਵਿਚ ਰਹਿਣ ਵਾਲੇ ਵਿਦੇਸ਼ੀ ਅਪਰਾਧੀਆਂ ਉੱਤੇ ਬ੍ਰਿਟੇਨ ਵਿਚ ਸਦਾ ਲਈ ਪਾਬੰਦੀ ਲਾ ਦਿੱਤੀ ਜਾਵੇਗੀ।

ਅੱਜ ਸੋਮਵਾਰ ਨੂੰ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਬ-ਕਤਰੇ ਜਾਂ ਚੋਰੀ ਕਰਨ ਵਾਲੇ ਪੇਸ਼ੇਵਰ ਮੁਜਰਮਾਂ ਉੱਤੇ ਵੀ ਪਾਬੰਦੀ ਲਾਈ ਜਾ ਸਕਦੀ ਹੈ, ਭਾਵੇਂ ਉਨ੍ਹਾਂ ਨੂੰ ਪਹਿਲਾਂ ਇਕ ਸਾਲ ਤੋਂ ਘੱਟ ਸਜ਼ਾ ਹੋਈ ਹੋਵੇ। ਇਸ ਨਵੇਂ ਕਾਨੂੰਨ ਦਾ ਅਰਥ ਹੈ ਕਿ ਯੂਰਪੀ ਯੂਨੀਅਨ ਦੇ ਅਪਰਾਧੀਆਂ ਨਾਲ ਉਸੇ ਤਰ੍ਹਾਂ ਵਿਹਾਰ ਕੀਤਾ ਜਾਵੇਗਾ, ਜਿੱਦਾਂ ਯੂਰਪੀ ਯੂਨੀਅਨ ਦੇ ਬਿਨਾਂ ਹੋਰ ਦੇਸ਼ਾਂ ਦੇ ਅਪਰਾਧੀਆਂ ਨਾਲ ਹੁੰਦਾ ਹੈ। ਇਸ ਨਾਲ ਸਰਹੱਦੀ ਸੁਰੱਖਿਆ ਫੋਰਸ ਤੇ ਇਮੀਗ੍ਰੇਸ਼ਨ ਅਧਿਕਾਰੀ ਉਨ੍ਹਾਂ ਪਰਵਾਸੀਆਂ ਨੂੰ ਦੇਸ਼ ਵਿਚ ਦਾਖਲ ਹੋਣ ਤੋਂ ਰੋਕ ਸਕਣਗੇ, ਜੋ ਕਿਸੇ ਗੰਭੀਰ ਅਪਰਾਧ ਵਿਚ ਦੋਸ਼ੀ ਰਹਿ ਚੁੱਕੇ ਹਨ। ਇਹ ਨਵਾਂ ਨਿਯਮ ਬ੍ਰਿਟੇਨ ਵਿਚ ਆਉਣ ਦੇ ਚਾਹਵਾਨ ਹਰ ਉਸ ਵਿਅਕਤੀ ਨੂੰ ਪ੍ਰਭਾਵਤ ਕਰੇਗਾ, ਜਿਸ ਨੂੰ ਜਨਤਕ ਸੁਰੱਖਿਆ ਲਈ ਖਤਰਾ ਮੰਨਿਆ ਜਾਵੇਗਾ ਤੇ ਨਫਰਤ ਫੈਲਾਉਣ ਵਾਲੇ ਜਾਂ ਦਹਿਸ਼ਤਗਰਦਾਂ ਜਾਂ ਤਣਾਅ ਭੜਕਾਉਣ ਦੀ ਯੋਜਨਾ ਨਾਲ ਇਸ ਦੇਸ਼ ਵਿਚ ਵੱਸਣ ਦੀ ਉਮੀਦ ਕਰਦੇ ਲੋਕਾਂ ਨੂੰ ਗ੍ਰਿਫਤਾਰ ਕਰ ਲੈਣ ਦੀ ਆਗਿਆ ਦਿੱਤੀ ਜਾ ਸਕਦੀ ਹੈ।

ਇਹ ਸਖਤ ਕਾਰਵਾਈ ਨਵੇਂ ਇਮੀਗ੍ਰੇਸ਼ਨ ਨਿਯਮਾਂ ਦਾ ਇਕ ਮਹੱਤਵ ਪੂਰਨ ਹਿੱਸਾ ਹੈ, ਜਿਹੜੇ ਇੱਕ ਜਨਵਰੀ ਤੋਂ ਬਦਲੇ ਜਾਣੇ ਹਨ ਤੇ ਜਿਨ੍ਹਾਂ ਨੂੰ ਬ੍ਰਿਟੇਨ ਵਿਚ ਆਉਣ ਵਾਲੇ ਘੱਟ-ਪੇਸ਼ੇਵਰ ਪਰਵਾਸੀਆਂ ਦੀ ਗਿਣਤੀ ਵਿਚ ਕਟੌਤੀ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ। ਇਸ ਨਾਲ ਉੱਚ ਮੁਹਾਰਤ ਵਾਲੇ ਲੋਕਾਂ ਨੂੰ ਲਾਭ ਹੋਵੇਗਾ ਤੇ ਉਨ੍ਹਾਂ ਲਈ ਯੂ ਕੇ ਦਾ ਵੀਜ਼ਾ ਹਾਸਲ ਕਰਨਾ ਸੌਖਾ ਹੋ ਜਾਵੇਗਾ। ਇਹ ਨੰਬਰ ਸਿਸਟਮ ਹੋਵੇਗਾ, ਜਿਸ ਲਈ ਬ੍ਰਿਟੇਨ ਆਉਣ ਦੇ ਚਾਹਵਾਨ ਲੋਕਾਂ ਨੂੰ ਵੀਜ਼ਾ ਅਪਲਾਈ ਕਰਨ ਲਈ 70 ਪੁਆਇੰਟ ਲੈਣ ਦੀ ਲੋੜ ਹੋਵੇਗੀ।

## ਪੰਜਾਬ ਵਿੱਚ ਕੋਰੋਨਾ ਦੇ ਕਾਰਨ ਨਵੀਂ ਸਖਤੀ, ਉਲੰਘਣਾ ਕੀਤੀ ਤਾਂ ਕੇਸ ਦਰਜ ਹੋਏਗਾ

ਚੰਡੀਗੜ੍ਹ, 13 ਜੁਲਾਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਵਧਦੀ ਵੇਖ ਕੇ ਅੱਜ ਪੰਜਾਬ ਸਰਕਾਰ ਨੇ ਪਹਿਲਾਂ ਤੋਂ ਵੱਧ ਨਵੇਂ ਨਿਯਮਾਂ ਵਾਲੀ ਗਾਈਡਲਾਈਨ ਜਾਰੀ ਕੀਤੀ ਹੈ, ਜਿਸ ਵਿੱਚ ਸਰਕਾਰ ਨੇ ਵਿਆਹ ਆਦਿ ਦੀਆਂ ਰਸਮਾਂ ਤੇ ਸਮਾਜਿਕ ਪ੍ਰੋਗਰਾਮਾਂ ਬਾਰੇ ਵੀ ਨਵੀਂਆਂ ਹਦਾਇਤਾਂ ਦਿੱਤੀਆਂ ਹਨ। ਅੱਗੇ ਤੋਂ ਵਿਆਹ ਦੇ ਸਮਾਰੋਹ ਵਿੱਚ ਸਿਰਫ 30 ਲੋਕ ਸ਼ਾਮਲ ਹੋ ਸਕਣਗੇ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਅਤੇ ਸਮਾਗਮਾਂ ਵਿਚ ਪੰਜ ਤੋਂ ਵੱਧ ਸ਼ਾਮਲ ਨਹੀਂ ਹੋਣਗੇ। ਇਨ੍ਹਾਂ ਨਵੇਂ ਨਿਰਦੇਸ਼ਾਂ ਦੀ ਉਲੰਘਣਾ ਕਰਨ ਦੀ ਹਾਲਤ ਵਿਚ ਬਾਕਾਇਦਾ ਕੇਸ ਦਰਜ ਕੀਤਾ ਜਾਵੇਗਾ।

ਅਸਲ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਕੇਸਾਂ ਦੀ ਗਿਣਤੀ ਵਿੱਚ ਗਿਰਾਵਟ ਨਾ ਆਉਣ ਕਰ ਕੇ ਅੱਜ ਸੋਮਵਾਰ ਨੂੰ ਪੰਜਾਬ ਸਰਕਾਰ ਨੇ ਨਵੇਂ ਅਤੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਨਵੀਂ ਗਾਈਡਲਾਈਨ ਮੁਤਾਬਕ ਵਿਆਹ ਵਿੱਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੀ ਗਿਣਤੀ 50 ਤੋਂ ਘਟਾ ਕੇ 30 ਕਰ ਦਿੱਤੀ ਅਤੇ ਭੋਗ, ਜਨਮ ਦਿਨ ਪਾਰਟੀ ਆਦਿ ਵਿੱਚ ਪੰਜ ਤੋਂ ਵੱਧ ਮਹਿਮਾਨ ਨਹੀਂ ਆ ਸਕਣਗੇ। ਜੇ ਏਦਾਂ ਹੋਇਆ ਤਾਂ ਪੁਲਸ ਨੂੰ ਕੇਸ ਦਰਜ ਕਰਨ ਦਾ ਅਧਿਕਾਰ ਦੇ ਦਿੱਤਾ ਹੈ। ਕਿਸੇ ਮੈਰਿਜ ਪੈਲੇਸ ਜਾਂ ਹੋਟਲ ਵਿਚ ਰਸਮਾਂ ਕਰਨ ਲਈ ਓਥੇ ਮੈਨੇਜਮੈਂਟ ਨੂੰ ਵੀ ਜ਼ਿੰਮੇਵਾਰ ਮੰਨਿਆ ਜਾਵੇਗਾ ਅਤੇ ਨਿਯਮਾਂ ਦੀ ਉਲੰਘਣਾ ਹੋਈ ਤਾਂ ਲਾਇਸੈਂਸ ਸਸਪੈਂਡ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾ ਵਿਆਹ ਵਾਲੀਆਂ ਥਾਂਵਾਂ, ਹੋਟਲ ਅਤੇ ਹੋਰ ਵਪਾਰਕ ਸਥਾਨਾਂ ਦੀ ਮੈਨੇਜਮੈਂਟ ਨੂੰ ਸਰਟੀਫਾਈ ਕਰਨਾ ਹੋਵੇਗਾ ਕਿ ਅੰਦਰੂਨੀ ਥਾਂਵਾਂ ਉੱਤੇ ਹਵਾਦਾਰੀ ਦੇ ਢੁਕਵੇਂ ਪ੍ਰਬੰਧ ਕੀਤੇ ਹੋਏ ਹਨ ਅਤੇ ਬੀਮਾਰੀ ਰੋਕਣ ਦੇ ਹੋਰ ਪ੍ਰਬੰਧ ਵੀ ਕੀਤੇ ਗਏ ਹਨ।

ਪੰਜਾਬ ਸਰਕਾਰ ਨੇ ਕੋਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਚੇਨਈ ਆਈ ਆਈ ਟੀ ਦੇ ਮਾਹਰਾਂ ਨਾਲ ਸਮਝੌਤਾ ਕੀਤਾ ਹੈ, ਜਿਸ ਪਿੱਛੋਂ ਜਨਤਕ ਥਾਂਵਾਂ ਦੇ ਨਾਲ ਕੰਮ ਕਰਨ ਵਾਲੀਆਂ ਥਾਂਵਾਂ, ਦਫਤਰਾਂ, ਬੰਦ ਥਾਂਵਾਂ ਉੱਤੇ ਮਾਸਕ ਪਹਿਨਣਾ ਵੀ ਲਾਜ਼ਮੀ ਕਰ ਦਿੱਤਾ ਹੈ। ਇਸ ਨਾਲ ਸਰਕਾਰੀ ਦਫਤਰਾਂ ਤੇ ਉਨ੍ਹਾਂ ਮੀਟਿੰਗਾਂ ਵਿਚ ਕਿਸੇ ਵੀ ਤਰ੍ਹਾਂ ਦੀ ਪੇਸ਼ਕਾਰੀ ਉੱਤੇ ਪਾਬੰਦੀ ਲਾਈ ਗਈ ਹੈ, ਜਿਨ੍ਹਾਂ ਵਿਚ ਪੰਜ ਤੋਂ ਵੱਧ ਲੋਕ ਸ਼ਾਮਲ ਹੁੰਦੇ ਹਨ ਅਤੇ ਮੀਟਿੰਗਾਂ ਵਿਚ ਚਾਹ ਪਰੋਸਣ ਦੀ ਵੀ ਮਨਾਹੀ ਕਰ ਦਿੱਤੀ ਹੈ। ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਦੀ ਪਾਲਣਾ ਕਰਾਉਣ ਨੂੰ ਕਿਹਾ ਗਿਆ ਹੈ।

## ਪੰਜਾਬ ਵਿੱਚ ਕੋਰੋਨਾ ਖਤਰਾ ਹੋਰ ਵਧਿਆ, ਭਾਰਤ ਵਿੱਚ ਕੁੱਲ ਕੇਸਾਂ ਦੀ ਗਿਣਤੀ ਨੌਂ ਲੱਖ ਨੂੰ ਟੱਪੀ

ਚੰਡੀਗੜ੍ਹ, 14 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਦਾ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ ਤੇ ਭਾਰਤ ਵਿੱਚ ਵੀ ਇਸ ਮਹਾਮਾਰੀ ਦੀ ਮਾਰ ਘਟਣ ਵਿੱਚ ਨਹੀਂ ਆ ਰਹੀ। ਅੱਜ ਮੰਗਲਵਾਰ ਸਵੇਰ ਹੋਣ ਤੱਕ ਭਾਰਤ ਵਿੱਚ ਕੁੱਲ ਕੇਸਾਂ ਦੀ ਗਿਣਤੀ ਨੌਂ ਲੱਖ ਨੂੰ ਟੱਪ ਗਈ ਅਤੇ ਮੌਤਾਂ ਦਾ ਵਧਣਾ ਵੀ ਲਗਾਤਾਰ ਜਾਰੀ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸੋਮਵਾਰ ਨੂੰ ਪੰਜਾਬ ਵਿੱਚ 357 ਨਵੇਂ ਕੇਸਾਂ ਦਾ ਪਤਾ ਲੱਗਾ ਤੇ ਇਸ ਨਾਲ ਇਸ ਰਾਜ ਵਿੱਚ ਕੋਰੋਨਾ ਦੇ ਕੁੱਲ ਕੇਸਾਂ ਦੀ ਗਿਣਤੀ 8299 ਹੋ ਗਈ ਹੈ, ਜਿਨ੍ਹਾਂ ਵਿੱਚੋਂ 5586 ਮਰੀਜ਼ ਠੀਕ ਹੋ ਚੁੱਕੇ ਹਨ ਤੇ 2388 ਅਜੇ ਇਲਾਜ਼ ਅਧੀਨ ਹਨ, ਜਦ 204 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸੋਮਵਾਰ ਅੰਮ੍ਰਿਤਸਰ ਵਿੱਚ ਦੋ ਅਤੇ ਜਲੰਧਰ ਵਿੱਚ ਤਿੰਨ ਮੌਤਾਂ ਹੋਈਆਂ ਹਨ ਅਤੇ ਕੇਸਾਂ ਦੀ ਗਿਣਤੀ ਕਈ ਜ਼ਿਲਿਆਂ ਵਿੱਚ ਵਧ ਰਹੀ ਹੈ। ਪੰਜਾਬ ਵਿਚ ਕੱਲ੍ਹ ਸੋਮਵਾਰ ਇਕੋ ਦਿਨ ਸਭ ਤੋਂ ਵੱਧ ਰਿਕਾਰਡ 401 ਪਾਜ਼ੇਟਿਵ ਕੇਸ ਮਿਲੇ ਹਨ। ਇਸ ਤੋਂ ਪਹਿਲਾਂ ਦੋ ਮਈ ਨੂੰ ਸਭ ਤੋਂ ਵੱਧ 278 ਕੇਸ ਮਿਲੇ ਸਨ। ਕੋਰੋਨਾ ਤੋਂ ਪੀੜਤਾਂ ਵਿਚ ਬਲਾਤਕਾਰ ਦਾ ਦੋਸ਼ੀ ਜਲੰਧਰ ਡਾਇਸਿਸ ਦਾ ਸਾਬਕਾ ਬਿਸ਼ਪ ਫਰੈਂਕੋ ਮੁਲੱਕਲ ਵੀ ਹੈ ਅਤੇ 19 ਪੁਲਿਸ ਵਾਲੇ, 14 ਐਕਸਾਈਜ਼ ਵਿਭਾਗ ਦੇ ਮੁਲਾਜ਼ਮ, ਦੋ ਫ਼ੌਜ ਅਤੇ ਦੋ ਬੀ ਐੱਸ ਐੱਫ ਜਵਾਨ, ਪੰਜਾਬ ਰੋਡਵੇਜ਼ ਦੇ ਤਿੰਨ ਜਨਰਲ ਮੈਨੇਜਰ, ਨਾਇਬ ਤਹਿਸੀਲਦਾਰ ਅਤੇ ਦਿੜ੍ਹਬਾ ਦੇ ਐੱਸ ਡੀ ਐੱਮ ਦਾ ਗੰਨਮੈਨ ਸ਼ਾਮਿਲ ਹੈ।

ਦੂਸਰੇ ਪਾਸੇ ਭਾਰਤ ਵਿੱਚ ਅੱਜ ਮੰਗਲਵਾਰ ਸਵੇਰ ਹੋਣ ਤੱਕ ਕੁੱਲ ਕੇਸਾਂ ਦੀ ਗਿਣਤੀ 9,07,645 ਦੱਸੀ ਗਈ ਅਤੇ ਮੌਤਾਂ ਦੀ ਗਿਣਤੀ 23,727 ਹੋ ਗਈ ਹੈ, ਜਿਨ੍ਹਾਂ ਵਿੱਚੋਂ 540 ਮੌਤਾਂ ਪਿਛਲੇ ਚੌਵੀ ਘੰਟਿਆਂ ਵਿੱਚ ਹੋਈਆਂ ਹਨ। ਸਭ ਤੋਂ ਵੱਧ ਪ੍ਰਭਾਵਤ ਮਹਾਰਾਸ਼ਟਰ ਵਿੱਚ ਮੌਤਾਂ ਦੀ ਗਿਣਤੀ 10,289 ਹੋ ਗਈ ਹੈ, ਜਦ ਕਿ ਦਿੱਲੀ ਸੋਮਵਾਰ ਤੱਕ ਮੌਤਾਂ ਦੀ ਗਿਣਤੀ 3371, ਗੁਜਰਾਤ ਵਿੱਚ 2045, ਤਾਮਿਲ ਨਾਡੂ ਵਿੱਚ 1966, ਉੱਤਰ ਪ੍ਰਦੇਸ਼ ਵਿੱਚ 934 ਅਤੇ ਪੱਛਮੀ ਬੰਗਾਲ ਵਿੱਚ 932 ਦੱਸੀ ਗਈ ਹੈ ਅਤੇ ਕੁਝ ਹੋਰ ਰਾਜਾਂ ਵਿੱਚ ਵੀ ਇਹ ਮਾਰ ਲਗਾਤਾਰ ਵਧ ਰਹੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $749,000 — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000 — 3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000 — Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000 — 39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

MISSISSAUGA $299,000 — Photo Not Available — 7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Mississauga $749,000 — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000 — Photo Not Available — 23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000 — Photo Not Available — Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000 — Photo Not Available — 115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

Brampton $749,000 — Mississauga Rd/Sandalwood Pkwy: 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000 — Ferndale & Edgehill: Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

Oshawa $659,000 — Photo Not Available — 150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000 — 124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500 — Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888 — King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000 — Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


# ਪੰਜਾਬ ਪੁਲਿਸ ਵੱਲੋਂ ਪਾਕਿ-ਸਮੱਰਥਕ ਰੈਕੇਟ ਦਾ ਪਰਦਾ ਫਾਸ਼

## * ਵਿਦੇਸ਼ੀ ਹਥਿਆਰ ਅਤੇ ਡਰੱਗ ਮਨੀ ਮਿਲਣ ਦਾ ਦਾਅਵਾ

ਚੰਡੀਗੜ੍ਹ, 13 ਜੁਲਾਈ, (ਪੋਸਟ ਬਿਊਰੋ)- ਪੰਜਾਬ ਪੁਲਿਸ ਨੇ 4 ਜਣਿਆਂ ਦੀ ਗ੍ਰਿਫਤਾਰੀ ਨਾਲ ਪਾਕਿ-ਸਤਾਨ ਤੋਂ ਚਲਾਏ ਜਾ ਰਹੇ ਨਸ਼ਿਆਂ ਤੇ ਗੈਰ ਕਨੂੰਨੀ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾ ਫਾਸ਼ ਕਰਨ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਵਿੱਚ ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਵਿੱਚ ਤਾਇਨਾਤ ਬੀ ਐਸ ਐਫ ਦਾ ਇੱਕ ਸਿਪਾਹੀ ਸੁਮਿਤ ਕੁਮਾਰ ਉਰਫ਼ ਨੋਨੀ ਵੀ ਹੈ, ਜਿਸ ਕੋਲੋਂ ਵਿਦੇਸ਼ੀ ਹਥਿਆਰ 9 ਮਿਲੀਮੀਟਰ ਦੀ ਤੁਰਕੀ ਦੀ ਬਣੀ ਜਿਗਾਨਾ ਪਿਸਟਲ ਸਮੇਤ 80 ਜ਼ਿੰਦਾ ਕਾਰਤੂਸ (ਜਿਨ੍ਹਾਂ ਉੱਤੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਦੇ ਨਿਸ਼ਾਨ ਛਪੇ ਹਨ), ਦੋ ਮੈਗਜ਼ੀਨ ਅਤੇ ਇੱਕ 12 ਬੋਰ ਦੀ ਬੰਦੂਕ ਅਤੇ ਦੋ ਜ਼ਿੰਦਾ ਕਾਰਤੂਸ ਦੇ ਨਾਲ ਨਸ਼ੇ ਦੀ ਰਕਮ 32.30 ਲੱਖ ਰੁਪਏ ਬਰਾਮਦ ਹੋਏ ਹਨ।

ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਦੱਸਿਆ ਹੈ ਕਿ ਸਿਪਾਹੀ ਸੁਮਿਤ ਕੁਮਾਰ ਉਰਫ ਨੋਨੀ, ਪਿੰਡ ਮਗਰ ਮੂੰਡੀਆਂ ਥਾਣਾ ਦੋਰਾਂਗਲਾ, ਜਿਲਾ ਗੁਰਦਾਸਪੁਰ ਅਤੇ ਸਿਮਰਜੀਤ ਸਿੰਘ ਉਰਫ ਸਿੰਮਾ, ਮਨਪ੍ਰੀਤ ਸਿੰਘ ਅਤੇ ਅਮਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਇਨ੍ਹਾਂ ਵਿਰੁੱਧ ਥਾਣਾ ਕਰਤਾਰ-ਪੁਰ ਜਿਲਾ ਜਲੰਧਰ ਵਿਖੇ ਕੇਸ ਦਰਜ ਕੀਤਾ ਗਿਆ ਹੈ। ਅਮਨਪ੍ਰੀਤ ਸਿੰਘ, ਸਿਮਰਨਜੀਤ ਸਿੰਘ ਅਤੇ ਸੁਖਵੰਤ ਸਿੰਘ, ਸਾਰੇ ਪਿੰਡ ਧੀਰਪੁਰ ਦੇ ਖਿਲਾਫ ਪਹਿਲਾਂ ਹੀ ਜਗਜੀਤ ਸਿੰਘ ਦੇ ਕਤਲ ਦਾ ਕੇਸ ਦਰਜ ਹੈ, ਜਿਸ ਦੀ ਜਾਂਚ ਤੋਂ ਬਾਅਦ ਸਾਰੀ ਖੇਡ ਦਾ ਪਾਜ ਖੁੱਲ੍ਹਾ ਹੈ। ਡੀ ਜੀ ਪੀ ਨੇ ਦੱਸਿਆ ਕਿ ਜਲੰਧਰ (ਦਿਹਾਤੀ) ਪੁਲਿਸ ਨੇ ਅਮਨਪ੍ਰੀਤ ਸਿੰਘ ਨੂੰ 11 ਜੁਲਾਈ ਨੂੰ ਜਗਜੀਤ ਸਿੰਘ ਦੇ ਕਤਲ ਕੇਸ ਵਿੱਚ ਗ੍ਰਿਫਤਾਰ ਕੀਤਾ ਤਾਂ ਇਸ ਦੀ ਜਾਂਚ ਦੌਰਾਨ ਅਮਨਪ੍ਰੀਤ ਨੇ ਭੇਦ ਖੋਲ੍ਹਿਆ ਕਿ ਉਹ ਤੇ ਉਸ ਦਾ ਭਰਾ ਪਾਕਿਸਤਾਨ ਦੇ ਤਸਕਰ ਸ਼ਾਹ ਮੂਸਾ ਨਾਲ ਭਾਰਤ-ਪਾਕਿ ਸਰਹੱਦ ਪਾਰੋਂ ਹਥਿਆਰ ਤੇ ਨਸ਼ਾ ਤਸਕਰੀ ਲਈ ਸੰਪਰਕ ਵਿੱਚ ਸਨ। ਉਸ ਨੇ ਦੱਸਿਆ ਕਿ ਉਹ ਮਨਪ੍ਰੀਤ ਸਿੰਘ ਤੇ ਜੰਮੂ ਕਸਮੀਰ ਦੀ ਸਰਹੱਦ ਉੱਤੇ ਤਾਇਨਾਤ ਬੀ ਐਸ ਐਫ ਦੇ ਇੱਕ ਸਿਪਾਹੀ ਰਾਹੀਂ ਸ਼ਾਹ ਮੂਸਾ ਦੇ ਸੰਪਰਕ ਵਿੱਚ ਆਏ ਸੀ। ਉਸ ਨੇ ਕਿਹਾ ਕਿ ਸਿਪਾਹੀ ਸੁਮਿਤ ਕੁਮਾਰ ਇੱਕ ਕਤਲ ਕੇਸ ਦੀ ਸੁਣਵਾਈ ਦੌਰਾਨ ਗੁਰਦਾਸਪੁਰ ਜੇਲ ਵਿੱਚ ਬੰਦ ਹੁੰਦਿਆਂ ਮਨਪ੍ਰੀਤ ਸਿੰਘ ਪੁੱਤਰ ਗੁਰ-ਬਚਨ ਸਿੰਘ ਪਿੰਡ ਦਾਰਾਪੁਰ, ਥਾਣਾ ਭੈਣੀ ਮੀਆਂ ਖਾਂ ਜ਼ਿਲਾ ਗੁਰਦਾਸਪੁਰ ਦੇ ਸੰਪਰਕ ਵਿੱਚ ਆਇਆ ਸੀ ਅਤੇ ਸਰਹੱਦ ਪਾਰ ਤੋਂ ਨਸ਼ੇ ਤੇ ਹਥਿਆਰ ਤਸਕਰੀ ਦੀ ਸਾਜਿਸ਼ ਗੁਰਦਾਸਪੁਰ ਜੇਲ ਵਿੱਚ ਬਣੀ ਸੀ। ਮਨਪ੍ਰੀਤ ਨੇ ਅੱਗੇ ਅਮਨਪ੍ਰੀਤ, ਸਿਮਰਨਜੀਤ ਅਤੇ ਸੁਖਵੰਤ ਨੂੰ ਸਿਪਾਹੀ ਸੁਮਿਤ ਕੁਮਾਰ ਨਾਲ ਮਿਲਾਇਆ ਸੀ। ਇਹ ਖੁਲਾਸੇ ਹੋਣ ਪਿੱਛੋਂ ਜਲੰਧਰ ਦਿਹਾਤੀ ਪੁਲਿਸ ਨੇ ਸਿਮਰਜੀਤ ਅਤੇ ਮਨਪ੍ਰੀਤ ਨੂੰ 12 ਜੁਲਾਈ ਨੂੰ ਗ੍ਰਿਫਤਾਰ ਕਰ ਲਿਆ ਅਤੇ ਡੀ ਜੀ ਪੀ ਪੰਜਾਬ ਵੱਲੋਂ 11 ਜੁਲਾਈ ਨੂੰ ਬੀ ਐਸ ਐਫ ਦੇ ਡਾਇਰੈਕਟਰ ਜਨਰਲ ਨਾਲ ਨਿੱਜੀ ਤੌਰ ਉੱਤੇ ਗੱਲ ਕਰਨ ਪਿੱਛੋਂ ਸੁਮਿਤ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਸ ਬਾਰੇ ਡੀ ਜੀ ਪੀ ਨੇ ਦੱਸਿਆ ਕਿ ਸੁਮਿਤ ਨੇ ਬਾਰਡਰ ਪਾਰ ਤੋਂ ਵਾਰ-ਵਾਰ ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਦੀ ਤਸਕਰੀ ਵਿਚ ਸ਼ਾਮਲ ਹੋਣਾ ਮੰਨਿਆ ਹੈ। ਪਹਿਲੀ ਵਾਰ ਉਸ ਨੇ ਸਰਹੱਦੀ ਵਾੜ ਰਾਹੀਂ 15 ਪੈਕੇਟ ਹੈਰੋਇਨ ਚੁੱਕਣ ਤੇ ਅੱਗੇ ਭੇਜਣ ਵਿਚ ਮਦਦ ਕੀਤੀ ਸੀ, ਦੂਜੀ ਵਾਰ ਉਸ ਨੇ 25 ਪੈਕੇਟ ਹੈਰੋਇਨ ਅਤੇ ਸਰਹੱਦ ਉੱਤੇ 9 ਮਿਲੀਮੀਟਰ ਦੀ ਜ਼ਿਗਾਨਾ ਪਿਸਤੌਲ ਭਾਰਤ-ਪਾਕਿ ਸਰਹੱਦੀ ਤੋਂ ਲਈ, ਜਿਥੇ ਉਸ ਦੀ ਡਿਊਟੀ ਸੀ। ਕੁਝ ਅਣਪਛਾਤੇ ਲੋਕਾਂ ਨੂੰ ਹੈਰੋਇਨ ਦੇ ਕੇ ਪਿਸਤੌਲ ਉਸ ਨੇ ਆਪਣੇ ਕੋਲ ਰੱਖ ਲਈ। ਉਸ ਨੂੰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀਆਂ ਖੇਪਾਂ ਦੇ 39 ਲੱਖ ਰੁਪਏ ਮਿਲੇ ਸਨ, ਜਿਸ ਵਿੱਚੋਂ ਪਹਿਲਾਂ 15 ਲੱਖ ਅਤੇ ਫਿਰ 24 ਲੱਖ ਰੁਪਏ ਦੋ ਕਿਸ਼ਤਾਂ ਵਿਚ ਉਸ ਨੂੰ ਇਹ ਪੈਸੇ ਮਿਲੇ ਸਨ।

ਡੀ ਜੀ ਪੀ ਪੰਜਾਬ ਨੇ ਦੱਸਿਆ ਕਿ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਕਤਲ ਕੇਸ ਦੀ ਜ਼ਮਾਨਤ ਪਿੱਛੋਂ ਸਿਪਾਹੀ ਸੁਮਿਤ ਕੁਮਾਰ ਦੀ ਡਿਊਟੀ ਸਾਂਬਾ ਸੈਕਟਰ ਵਿੱਚ ਇੱਕ ਗਾਰਡ ਟਾਵਰ ਵਿਖੇ ਲੱਗੀ ਸੀ ਜਿੱਥੋਂ ਉਹ ਪਾਕਿਸਤਾਨ ਸਰਹੱਦ ਉਤੇ ਨਿਗਰਾਨੀ ਰੱਖਦਾ ਸੀ ਤੇ ਸਰਹੱਦ ਪਾਰੋਂ ਸਮਗਲਿੰਗ ਕਰਦੇ ਮਨਪ੍ਰੀਤ ਸਿੰਘ ਅਤੇ ਸੁਖਵੰਤ ਸਿੰਘ ਦੇ ਸੰਪਰਕ ਵਿੱਚ ਰਹਿੰਦਾ ਸੀ ਤੇ ਇਹ ਦੋਵੇ ਪਾਕਿਸਤਾਨ ਵਿਚਲੇ ਸੰਪਰਕ ਸ਼ਾਹ ਮੂਸਾ ਨਾਲ ਰੱਖਦੇ ਸਨ। ਨਸ਼ੇ ਦੀਆਂ ਖੇਪਾਂ ਅਤੇ ਹਥਿਆਰਾਂ ਦੀਆਂ ਫੋਟੋ ਪਾਕਿਸਤਾਨ ਤੋਂ ਮਿਲਣ ਪਿੱਛੋਂ ਮਨਪ੍ਰੀਤ ਸਿੰਘ ਤੇ ਸੁਖਵੰਤ ਸਿੰਘ ਆਪਣੇ ਮੋਬਾਈਲ ਫੋਨ ਤੋਂ ਸਿਪਾਹੀ ਸੁਮਿਤ ਕੁਮਾਰ ਨੂੰ ਭੇਜਦੇ ਸਨ ਅਤੇ ਸੁਮਿਤ ਕੰਡਿਆਲੀ ਤਾਰ ਦੀਆਂ ਤਸਵੀਰਾਂ, ਉਸ ਥਾਂ ਦਾ ਸਕਰੀਨ ਸ਼ਾਟ, ਸਰਹੱਦੀ ਪਿੱਲਰ ਦੇ ਨੰਬਰ ਅਤੇ ਇਲਾਕੇ ਦੇ ਆਸ-ਪਾਸ ਦੇ ਪਿੰਡਾਂ ਦਾ ਵੇਰਵਾ ਸਰਹੱਦ ਪਾਰ ਸਮਗਲਰਾਂ ਨੂੰ ਭੇਜਦਾ ਸੀ, ਜਿਹੜੇ ਬਦਲੇ ਵਿਚ ਪਾਕਿਸਤਾਨੀ ਤਸਕਰ ਨਾਲ ਡਿਲਿਵਰੀ ਲਈ ਤਾਲਮੇਲ ਕਰਦੇ ਸਨ। ਬਾਅਦ ਵਿਚ ਖੇਪ ਭੇਜਣ ਦੀ ਤੈਅ ਮਿਤੀ ਅਤੇ ਸਮੇਂ ਉੱਤੇ ਪਾਕਿਸਤਾਨੀ ਤਸਕਰਾਂ ਦਾ ਬੰਦਾ ਆਮ ਤੌਰ ਉੱਤੇ ਦੁਪਹਿਰ ਨੂੰ ਸਥਾਨ ਦੀ ਨਿਸ਼ਾਨਦੇਹੀ ਅਤੇ ਸੁਮਿਤ ਕੁਮਾਰ ਨਾਲ ਸੰਪਰਕ ਲਈ ਭੇਜਿਆ ਜਾਂਦਾ ਸੀ। ਉਸੇ ਰਾਤ ਪਾਕਿਸਤਾਨੀ ਤਸਕਰ ਸਿਪਾਹੀ ਸੁਮਿਤ ਕੁਮਾਰ ਦੀ ਸ਼ਿਫਟ ਡਿਊਟੀ ਦੌਰਾਨ ਪਹਿਲਾਂ ਤੋਂ ਮਿਥੀ ਜਗ੍ਹਾ ਆਉਂਦੇ ਅਤੇ ਰੋਸ਼ਨੀ ਦਾ ਫਲੈਸ਼ ਵਜੋਂ ਸੁਮਿਤ ਵੱਲੋਂ ਹਰੀ ਝੰਡੀ ਤੋਂ ਬਾਅਦ ਡਰੱਗ ਤੇ ਹਥਿਆਰਾਂ ਦੀ ਖੇਪ ਸਰਹੱਦ ਦੀ ਵਾੜ ਉੱਪਰ ਦੀ ਸੁੱਟ ਦਿੰਦੇ ਸਨ। ਸੁਮਿਤ ਇਸ ਨੂੰ ਚੁੱਕ ਕੇ ਅੱਗੇ ਦੇਣ ਲਈ ਨੇੜਲੀਆਂ ਝਾੜੀਆਂ ਵਿਚ ਛੁਪਾ ਦਿੰਦਾ ਸੀ। ਬਾਅਦ ਵਿਚ ਸੁਮੀਤ ਅਗਲੀ ਸ਼ਿਫਟ ਦੌਰਾਨ ਅਗਲੇ ਦਿਨ ਆਪਣੇ ਸਾਥੀਆਂ ਦੇ ਕਹਿਣ ਉੱਤੇ ਆਪਣੇ ਗਾਰਡ ਟਾਵਰਾਂ ਤੋਂ ਲਗਭਗ 50 ਮੀਟਰ ਦੀ ਦੂਰੀ ਉੱਤੇ ਇਹ ਖੇਪ ਸੌਂਪ ਦਿੰਦਾ ਸੀ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8




2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8



NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement


GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਨੌਜਵਾਨ ਪੀੜ੍ਹੀ ਵਿੱਚ ਘਟ ਰਹੀ ਸਹਿਣਸ਼ੀਲਤਾ

-ਜਸਮੀਨ ਕੌਰ-

ਅਜੋਕੇ ਦੌਰ ਵਿੱਚ ਨੌਜਵਾਨ ਪੀੜ੍ਹੀ ਅੰਦਰ ਦਿਨੋਂ-ਦਿਨ ਸਹਿਣਸ਼ੀਲਤਾ ਅਤੇ ਅਪਣੱਤ ਘਟ ਰਹੀ ਹੈ। ਇਹ ਪੀੜ੍ਹੀ ਆਪਣੇ ਅਮੀਰ ਵਿਰਸੇ ਅਤੇ ਸਭਿਆਚਾਰ ਨੂੰ ਭੁੱਲ ਕੇ ਆਪਣੀ ਪਛਾਣ ਗੁਆਉਂਦੀ ਜਾਪਦੀ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਭਾਵੇਂ ਅਸੀਂ ਪੁਲਾੜ ਤੱਕ ਪਹੁੰਚ ਰੱਖਣ ਵਾਲੇ ਸਾਇੰਸਦਾਨ ਤਾਂ ਪੈਦਾ ਕਰ ਲਏ, ਪਰ ਮਾਨਵ ਜੀਵਨ ਦਾ ਕੀਮਤੀ ਗੁਣ ਸਹਿਣਸ਼ੀਲਤਾ ਤੇ ਅਪਣੱਤ ਸ਼ਾਇਦ ਗੁਆ ਲਈ ਹੈ। ਬੱਚਿਆਂ ਤੇ ਨੌਜਵਾਨਾਂ ਵਿੱਚ ਮਾਪਿਆਂ ਅਤੇ ਬਜ਼ੁਰਗਾਂ ਪ੍ਰਤੀ ਘੱਟ ਰਹੇ ਸਤਿਕਾਰ ਦੇ ਕਈ ਕਾਰਨ ਹਨ, ਜਿਨ੍ਹਾਂ 'ਤੇ ਵਿਚਾਰ ਕਰਨ ਦੀ ਲੋੜ ਹੈ। ਅੱਜ ਦੇ ਆਧੁਨਿਕ ਯੁੱਗ ਵਿੱਚ ਬੱਚਿਆਂ ਨੂੰ ਜਿੱਥੇ ਸਹੂਲਤਾਂ ਲੋੜ ਤੋਂ ਵੱਧ ਮਿਲ ਰਹੀਆਂ ਹਨ, ਉਥੇ ਭਾਵਨਾਤਮਕ ਸੋਚ ਤੋਂ ਦੂਰ ਹੁੰਦੇ ਜਾਂਦੇ ਹਨ। ਉਨ੍ਹਾਂ ਵਿੱਚ ਬੌਧਿਕ ਤੌਰ 'ਤੇ ਅਨੁਭਵ ਦੀ ਘਾਟ ਰੜਕ ਰਹੀ ਹੈ। ਸ਼ਾਇਦ ਇਸੇ ਕਾਰਨ ਬੱਚਿਆਂ ਵਿੱਚ ਸਮਾਜੀ ਕਦਰਾਂ ਕੀਮਤਾਂ ਘਟ ਰਹੀਆਂ ਹਨ।

ਇਸ ਲਈ ਲੋੜ ਹੈ ਮਾਪਿਆਂ ਅਤੇ ਅਧਿਆਪਕਾਂ ਨੂੰ ਢੁਕਵੇਂ ਕਦਮ ਚੁੱਕਣ ਦੀ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਮਨੁੱਖੀ ਭਾਵਨਾਵਾਂ ਨੂੰ ਕਾਇਮ ਰੱਖਿਆ ਜਾ ਸਕੇ। ਬੱਚਿਆਂ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਮੁਤਾ-ਬਕ ਤੇ ਸਾਰਥਕ ਢੰਗ ਨਾਲ ਗੱਲਬਾਤ ਕਰੋ। ਉਨ੍ਹਾਂ ਨੂੰ ਅਹਿਸਾਸ ਕਰਾਉਣਾ ਬਹੁਤ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੰਜੀਦਗੀ ਨਾਲ ਸਮਝਦੇ ਹਾਂ। ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਅਸੀਂ ਉਨ੍ਹਾਂ ਦੀ ਪ੍ਰਵਾਹ ਨਹੀਂ ਕਰਦੇ, ਤਾਂ ਉਹ ਆਪਣੀਆਂ ਚਿੰਤਾਵਾਂ ਦੱਬੀ ਰੱਖਣਗੇ ਜਾਂ ਸ਼ਾਇਦ ਕਿਸੇ ਹੋਰ ਕੋਲ ਜਾ ਕੇ ਦਿਲ ਹੌਲਾ ਕਰਨਗੇ ਅਤੇ ਸਾਡੇ ਤੋਂ ਹੋਰ ਵੀ ਦੂਰ ਚਲੇ ਜਾਣਗੇ। ਇਸ ਲਈ ਬੱਚਿਆਂ ਨੂੰ ਅਨੁਸ਼ਾਸਨ ਸਿਖਾਓ, ਉਨ੍ਹਾਂ ਨੂੰ ਸਹੀ ਸੇਧ ਦੇਣ ਲਈ ਪਹਿਲ ਕਰੋ।

ਕਦੇ-ਕਦੇ ਅਨੁਸ਼ਾਸਨ ਦਾ ਮਤਲਬ ਬੱਚੇ ਦੇ ਬੁਰੇ ਵਿਹਾਰ ਨੂੰ ਸੁਧਾਰਨਾ ਵੀ ਹੁੰਦਾ ਹੈ। ਇਸ ਵਿੱਚ ਬੱਚਿਆਂ ਨੂੰ ਨੇਕ ਚਾਲ-ਚੱਲਣ ਦੀ ਸਿਖਿਆ ਦੇਣੀ ਸ਼ਾਮਲ ਹੁੰਦੀ ਹੈ ਤਾਂ ਕਿ ਬੱਚੇ ਸਹੀ ਫੈਸਲੇ ਕਰ ਸਕਣ। ਕਈ ਵਾਰ ਮਾਪਿਆਂ ਅੰਦਰ ਭੈਅ ਹੁੰਦਾ ਹੈ ਕਿ ਜੇ ਉਹ ਬੱਚੇ ਨੂੰ ਟੋਕਣ ਜਾਂ ਉਨ੍ਹਾਂ ਦੀ ਗਲਤੀ ਸੁਧਾਰਨਗੇ ਤਾਂ ਬੱਚਾ ਆਪਣਾ ਆਤਮ ਸਨਮਾਨ ਗੁਆ ਬੈਠੇਗਾ, ਪਰ ਸਮਝਦਾਰ ਮਾਪੇ ਆਪਣੇ ਬੱਚਿਆਂ ਲਈ ਜੋ ਵੀ ਜੀਵਨ ਜਾਚ ਦੇ ਨਿਯਮ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਇਸ ਵਿੱਚ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਉਣਾ ਵੀ ਜ਼ਰੂਰੀ ਹੈ। ਛੋਟੀ ਉਮਰ ਵਿੱਚ ਅਜਿਹੇ ਗੁਣ ਨੂੰ ਪੈਦਾ ਕਰਨ ਦਾ ਵਧੀਆ ਸਮਾਂ ਹੁੰਦਾ ਹੈ।

ਬੱਚਿਆਂ ਤੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਮਾਪਿਆਂ ਤੋਂ ਬਿਨਾਂ ਕਿਸੇ ਦਾ ਵੀ ਇੰਨਾ ਅਸਰ ਨਹੀਂ ਪੈਂਦਾ, ਚਾਹੇ ਉਨ੍ਹਾਂ ਦੇ ਦੋਸਤਾਂ ਦੀ ਹੀ ਕਿਉਂ ਨਾ ਹੋਵੇ। ਚੰਗੀ-ਮਾੜੀ ਸੰਗਤ ਦਾ ਅਸਰ ਦਿਖਾਈ ਦੇਣ ਲੱਗਦਾ ਹੈ। ਇਸ ਮੌਕੇ ਮਾਪਿਆਂ ਅਤੇ ਅਧਿਆਪਕਾਂ ਨੂੰ ਸਾਰਥਕ ਰੋਲ ਨਿਭਾਉਣਾ ਚਾਹੀਦਾ ਹੈ। ਬੱਚੇ ਸਰੀਰਕ ਤੌਰ 'ਤੇ ਜਿੰਨੇ ਸੋਹਲ ਹੁੰਦੇ ਹਨ, ਮਾਨਸਿਕ ਤੌਰ 'ਤੇ ਓਨੇ ਹੀ ਮਲੂਕ ਹੁੰਦੇ ਹਨ। ਮਾਤਾ-ਪਿਤਾ ਵੱਲੋਂ ਦਿੱਤੀ ਗਈ ਹਰ ਸਿਖਿਆ ਬੱਚਿਆਂ ਦੀ ਮਾਨਸਿਕਤਾ 'ਤੇ ਡੂੰਘਾ ਅਸਰ ਪਾਉਂਦੀ ਹੈ। ਮਾਪਿਆਂ ਨੂੰ ਸਮੇਂ ਦੀ ਮੰਗ ਮੁਤਾਬਕ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੀਦਾ ਹੈ, ਤਾਂ ਜੋ ਬੱਚਿਆਂ ਦਾ ਭਾਵਨਾਤਮਕ ਵਿਕਾਸ ਵੀ ਹੋ ਸਕੇ ਅਤੇ ਸਿਰਜਣਾਤਮਕ ਸਮਾਜ ਦੀ ਹੋਂਦ ਬਰਕਰਾਰ ਰਹਿ ਸਕੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh; Angrej Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਿੰਨੀ ਕਹਾਣੀ

### ਸਵਰਗ ਦੀ ਸੈਰ

-ਐੱਮ ਕੇ ਕਾਗਦਾਨਾ

ਫੇਸਬੁਕ, ਵਾਟਸਐਪ ਅਤੇ ਟੀ ਵੀ, ਸਭ ਜਗ੍ਹਾ ਇੱਕ ਹੀ ਖਬਰ ਸੀ। 21 ਨੂੰ ਦੁਨੀਆ ਖਤਮ ਹੋ ਜਾਏਗੀ। ਬਹੁਤ ਡਰ ਵੀ ਲੱਗ ਰਿਹਾ ਸੀ ਅਤੇ ਚਿੰਤਾ ਵਿੱਚ ਉਲਟ-ਪੁਲਟ ਹੁੰਦੇ ਕਦੋਂ ਅੱਖ ਲੱਗ ਗਈ ਪਤਾ ਹੀ ਨਹੀਂ ਲੱਗਾ। ਅੱਖਾਂ ਖੁੱਲ੍ਹੀਆਂ ਤਾਂ ਆਪਣੇ ਆਪ ਨੂੰ ਇੱਕ ਕਮਰੇ ਵਿੱਚ ਪਾਇਆ। ਛੱਤ ਵੱਲ ਧਿਆਨ ਗਿਆ ਤਾਂ ਅਜੀਬ ਜਿਹਾ ਲੱਗਾ। ਇਹ ਮੇਰਾ ਕਮਰਾ ਤਾਂ ਨਹੀਂ। ਹੜਬੜਾਹਟ ਵਿੱਚ ਉਠੀ ਤਾਂ ਇੱਕ ਔਰਤ ਪੋਚਾ ਲਗਾ ਰਹੀ ਸੀ।

"ਤੂੰ ਕੌਣ ਏਂ ਅਤੇ ਇਥੇ ਕੀ ਕਰ ਰਹੀ ਏਂ?" ਮੈਂ ਉਸ ਤੋਂ ਪੁੱਛਿਆ।

"ਆੜੈ ਮੇਰੀ ਡਿਊਟੀ ਸੈ ਮੈਡਮ ਜੀ।" ਉਹ ਬੋਲੀ। ਉਸ ਦੇ ਮੂੰਹ ਤੋਂ ਹਰਿਆਣਵੀ ਸੁਣ ਕੇ ਅਪਣਾਪਣ ਲੱਗਾ।

ਮੈਂ ਕਿਹਾ, "ਤੇਰ ਤਈ ਕਿਸ ਨੇ ਕਹੀ ਸੈ ਪੋਚਾ ਮਾਰਣ ਕੀ, ਮੈਂ ਆਪਣੇ ਕੰਮ ਖੁਦ ਕਰਿਆ ਕਰੂੰ ਸਮਝੀ, ਅਰ ਨਾ ਤਨੈ ਮਾਸਕ ਲਗਾ ਰਾਖਿਆ।"

"ਮੈਡਮ ਜੀ, ਸੁਫਾ ਦੇਖੋ ਹੋ ਕੇ?" ਉਹ ਜ਼ੋਰਦਾਰ ਠਹਾਕਾ ਲਗਾ ਕੇ ਬੋਲੀ, "ਆਪ ਇਬ ਸਵਰਗਵਾਸੀ ਹੋ ਲਿਏ, ਅੜੈ ਕੋਨੀ ਕੋਰੋਨਾ-ਕਰਾਨਾ। ਅਰ ਯਾ ਲੇ ਆਪ ਕੇ ਕਾਮ ਕੀ ਲਿਸਟ, ਸਾਰਾ ਕਾਮ ਟੈਮ ਪੈ ਕਰਣ ਸੈ, ਟੈਮ ਪੈ ਨਹੀਂ ਕਰਿਆ ਤੋ ਫੇਰ ਨਰਕਵਾਸੀ ਹੋ ਜਾਓਗੇ।" ਉਹ ਸਮਝਾ ਰਹੀ ਸੀ।

ਮੈਂ ਸੋਚਿਆ, ਚਲੋ ਥੋੜ੍ਹੀ ਅਲਾਲੀ ਕਰਦੇ ਹਾਂ ਅਤੇ ਨਰਕ ਦੀ ਸੈਰ ਵੀ ਕਰ ਆਉਂਦੇ ਹਾਂ। ਆਖਿਰ ਪਤਾ ਤਾਂ ਚੱਲੇ ਇਥੇ ਅਤੇ ਉਥੋਂ ਵਿੱਚ ਫਰਕ ਕੀ ਹੈ। ਮੈਂ ਸਮੇਂ 'ਤੇ ਕੰਮ ਨਹੀਂ ਕੀਤਾ ਤਾਂ ਮੈਨੂੰ ਨਿਯਮਾਂ ਅਨੁਸਾਰ ਨਰਕ ਭੇਜ ਦਿੱਤਾ ਗਿਆ। ਉਥੇ ਵੀ ਉਹੀ ਸਭ ਸਹੂਲਤਾਂ ਸਨ, ਜੋ ਸਵਰਗਲੋਕ ਵਿੱਚ ਸਨ। ਮੈਂ ਸੋਚਣ ਲੱਗੀ ਕਿ ਸਵਰਗ ਅਤੇ ਨਰਕ ਵਿੱਚ ਕੁਝ ਵੀ ਤਾਂ ਫਰਕ ਨਹੀਂ ਹੈ ਫਿਰ ਲੋਕ ਕਿਉਂ ਡਰਦੇ ਹਨ ਆਉਣ ਤੋਂ। ਉਹੀ ਹਰਿਆ-ਭਰਿਆ ਖੁਸ਼ਨੁਮਾ ਵਾਤਾਵਰਣ ਅਤੇ ਸਾਰੀਆਂ ਸੁੱਖ-ਸਹੂਲਤਾਂ, ਪਰ ਜਿਵੇਂ ਹੀ ਖਾਣਾ ਲੱਗਾ, ਸਭ ਟੁੱਟ ਪਏ ਇੱਕ-ਦੂਜੇ ਦੀ ਥਾਲੀ ਵਿੱਚ।

ਹੇ ਰਾਮ, ਸਮਝ ਗਈ, ਜੋ ਲੋਕ ਧਰਤੀ 'ਤੇ ਖੌਰੂ ਪਾਉਂਦੇ ਹਨ, ਉਹ ਨਰਕ ਵਿੱਚ ਆ ਵੀ ਚੈਨ ਨਾਲ ਨਹੀਂ ਜੀਉਂਦੇ ਹਨ। ਦੋ ਔਰਤਾਂ ਲੜਦੀਆਂ ਹੋਈਆਂ ਆਈਆਂ। ਦੋਵਾਂ ਨੇ ਇੱਕ-ਦੂਸਰੇ ਦੀਆਂ ਗੁੱਤਾਂ ਕੱਸ ਕੇ ਫੜੀਆਂ ਹੋਈਆਂ ਸਨ। ਦੋਵਾਂ ਨੇ ਲੜਦੇ-ਲੜਦੇ ਮੈਨੂੰ ਲਪੇਟ ਵਿੱਚ ਲੈ ਲਿਆ। ਮੈਂ ਜ਼ੋਰ-ਜ਼ੋਰ ਨਾਲ ਚੀਕਣ ਲੱਗੀ, "ਬਚਾਓ...ਬਚਾਓ।"

ਤਦ ਪਤੀਦੇਵ ਚੀਕ ਪਏ, "ਕੇ ਬਿਮਾਰੀ ਸੈ? ਨਾ ਪੜੈ ਨਾ ਪੜਨ ਦੇ! ਕਿਤਨੀ ਬੈ ਕਹਿ ਰਾਖੀ ਸੈ ਭੂਤਿਆ ਫਿਲਮ ਨਾ ਦੇਖਿਆ ਕਰ...।" ਅਤੇ ਮੈਨੂੰ ਜ਼ੋਰ ਨਾਲ ਝਿੰਜੋੜ ਦਿੱਤਾ।

ਅੱਖ ਮਲਦੇ-ਮਲਦੇ ਘੂਰ ਕੇ ਇਨ੍ਹਾਂ ਨੂੰ ਦੇਖਿਆ ਅਤੇ ਪੁੱਛਿਆ, "ਥੰਪ ਆੜੈ ਕੇ ਕਰੋ ਸੋ?" (ਤੁਸੀਂ ਏਥੇ ਕੀ ਕਰਦੇ ਹੋ)।

ਗੁੱਸਾ ਹੋ ਕੇ ਬੋਲੇ, "ਇਬ ਕਿਤ ਜਾਊਂ?"

ਫਿਰ ਨੀਂਦ ਉਡੀ ਤਾਂ ਮੋਬਾਈਲ ਵਿੱਚ ਟਾਈਮ ਦੇਖਿਆ, ਸਵੇਰ ਦੇ ਚਾਰ ਵਜੇ ਸਨ। "ਓਹ ਤਾਂ ਅਸੀਂ ਜਿੰਦਾ ਹਾਂ। ਮਤਲਬ ਦੁਨੀਆ ਖਤਮ ਨਹੀਂ ਹੋਈ।" ਅਤੇ ਡੂੰਘਾ ਸਾਹ ਲੈ ਕੇ ਫਿਰ ਸੌਂ ਗਈ।

## ਹਲਕਾ ਫੁਲਕਾ

ਇੱਕ ਮੁੰਡੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਕੁੜੀ ਨੂੰ ਕਿਹਾ, "ਚਲਤੇ-ਚਲਤੇ ਯੂੰ ਹੀ ਰੁਕ ਜਾਤਾ ਹੂੰ ਮੈਂ, ਬੈਠੇ-ਬੈਠੇ ਯੂੰ ਹੀ ਖੋ ਜਾਤਾ ਹੂੰ ਮੈਂ, ਕਿਆ ਯਹੀ ਪਿਆਰ ਹੈ...?"

ਕੁੜੀ, "ਜੀ ਨਹੀਂ, ਇਹ ਕਮਜ਼ੋਰੀ ਦੇ ਲੱਛਣ ਹਨ। ਡਾਕਟਰ ਕੋਲ ਜਾ ਕੇ ਇਲਾਜ ਕਰਾ ਅਤੇ ਰੋਜ਼ ਜੂਸ ਪੀ।"

*********

ਰਾਜੇਸ਼ ਇੱਕ ਉਜਾੜ ਥਾਂ 'ਤੇ ਬੈਠਾ ਰੋ ਰਿਹਾ ਸੀ। ਸੁਰੇਸ਼ ਨੇ ਪੁੱਛਿਆ, "ਯਾਰ, ਤੁਸੀਂ ਕਿਉਂ ਰੋ ਰਹੇ ਹੋ?"

ਰਾਜੇਸ਼, "ਇੱਕ ਦੋਸਤ ਨੂੰ ਭੁੱਲਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

ਸੁਰੇਸ਼, "ਇਸ 'ਚ ਰੋਣ ਦੀ ਕੀ ਗੱਲ ਹੈ?"

ਰਾਜੇਸ਼, "ਜਿਸ ਨੂੰ ਭੁੱਲਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਉਸ ਦਾ ਨਾਂਅ ਯਾਦ ਨਹੀਂ ਆ ਰਿਹਾ।"

*********

ਜੀਤੋ ਬਿਮਾਰ ਪਤੀ ਨੂੰ ਕਹਿਣ ਲੱਗੀ, "ਕਿਸੇ ਜਾਨਵਰਾਂ ਦੇ ਡਾਕਟਰਾਂ ਨੂੰ ਮਿਲੋ ਤਾਂ ਹੀ ਆਰਾਮ ਮਿਲੇਗਾ।"

ਰਣਜੀਤ, "ਉਹ ਕਿਉਂ?"

ਜੀਤੋ, "ਰੋਜ਼ ਸਵੇਰੇ ਮੁਰਗੇ ਵਾਂਗ ਜਲਦੀ ਉਠ ਜਾਂਦੇ ਹੋ, ਘੋੜੇ ਵਾਂਗ ਭੱਜ ਕੇ ਆਫਿਸ ਜਾਂਦੇ ਹੋ। ਗਧੇ ਵਾਂਗ ਦਿਨ ਭਰ ਕੰਮ ਕਰਦੇ ਹੋ। ਘਰ ਆ ਕੇ ਪਰਵਾਰ ਨੂੰ ਕੁੱਤੇ ਵਾਂਗ ਭੌਂਕਦੇ ਹੋ, ਰਾਤ ਨੂੰ ਖਾ ਕੇ ਮੱਝ ਦੀ ਤਰ੍ਹਾਂ ਸੌਂ ਜਾਂਦੇ ਹੋ। ਵਿਚਾਰਾ ਇਨਸਾਨਾਂ ਦਾ ਡਾਕਟਰ ਤੁਹਾਡਾ ਕੀ ਇਲਾਜ ਕਰੇਗਾ?"

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

**WAREHOUSE ORDER PICKER** (For a Food distribution company in Scarborough)

**Job Description:**
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**
- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.


Please send your resumes by email at siva@srimi.com or by fax at +1 647-351-7157 or Call Ram at +1 647-831-9149 (Morning) or Siva at +1 416-666-8525 (Evening).




ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384






A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ




GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



# ਅਪਰਾਧੀਆਂ ਤੇ ਲੀਡਰਾਂ ਦੀ ਗੰਢਤੁੱਪ

-ਪ੍ਰਕਾਸ਼ ਸਿੰਘ

ਭਾਰਤ ਵਿੱਚ ਪੁਲਸ ਮੁਲਾਜ਼ਮ ਆਪਣੇ ਕਰਤੱਵ ਦੀ ਪਾਲਣਾ ਕਰਦਿਆਂ ਸਮੇਂ-ਸਮੇਂ 'ਤੇ ਸ਼ਹਾਦਤ ਦਾ ਜਾਮ ਪੀਂਦੇ ਰਹਿੰਦੇ ਹਨ, ਪਰ ਜਿਹੋ ਜਿਹੀ ਘਟਨਾ ਉੱਤਰ ਪ੍ਰਦੇਸ਼ ਦੇ ਕਾਨਪੁਰ 'ਚ ਹੋਈ, ਉਹੋ ਜਿਹੀਆਂ ਘਟਨਾਵਾਂ ਆਮ ਤੌਰ 'ਤੇ ਸਾਨੂੰ ਕਸ਼ਮੀਰ, ਪੂਰਬ-ਉਤਰ ਤੋਂ ਜਾਂ ਨਕਸਲ ਪ੍ਰਭਾਵਤ ਇਲਾਕਿਆਂ ਤੋਂ ਸੁਣਨ ਨੂੰ ਮਿਲਦੀਆਂ ਰਹੀਆਂ ਹਨ। ਓਥੇ ਅੱਠ ਪੁਲਸ ਮੁਲਾਜ਼ਮਾਂ ਦੇ ਮਾਰੇ ਜਾਣ ਦੀ ਘਟਨਾ ਪੂਰੇ ਦੇਸ਼ ਨੂੰ ਝੰਜੋੜਨ ਵਾਲੀ ਹੈ। ਕਾਨਪੁਰ ਉੱਤਰ ਪ੍ਰਦੇਸ਼ ਦਾ ਸਭ ਤੋਂ ਵੱਡਾ ਨਗਰ ਹੈ ਤੇ ਇਥੇ ਨਾ ਤਾਂ ਜੰਗਲ ਹਨ ਤੇ ਨਾ ਅੱਤਵਾਦੀਆਂ ਦਾ ਦਬਦਬਾ। ਇੱਕ ਖਤਰਨਾਕ ਅਪਰਾਧੀ ਵੱਲੋਂ ਅਜਿਹੀ ਵਾਰਦਾਤ ਕਰਨਾ ਸੂਬੇ ਵਿੱਚ ਅਮਨ ਸ਼ਾਂਤੀ ਲਈ ਨਿਸ਼ਚਿਤ ਹੀ ਇੱਕ ਵੱਡੀ ਚੁਣੌਤੀ ਹੈ।

ਇਸ ਭਿਆਨਕ ਵਾਰਦਾਤ ਬਾਰੇ ਸਭ ਤੋਂ ਪਹਿਲਾਂ ਸਵਾਲ ਹੈ ਕਿ ਆਖਰ ਇਹ ਘਟਨਾ ਹੋਈ ਕਿਵੇਂ? ਦੋਸ਼ੀ ਵਿਕਾਸ ਦੂਬੇ ਕਿੱਥੇ ਸੀ, ਇਸ ਦੀ ਪੂਰੀ ਜਾਣਕਾਰੀ ਸੀ। ਤਿੰਨ ਥਾਣਿਆਂ ਦੀ ਪੁਲਸ ਉਸ ਨੂੰ ਫੜਨ ਲਈ ਜਾਂਦੀ ਹੈ, ਪਰ ਉਸ ਨੂੰ ਲੈਣੇ ਦੇ ਦੇਣੇ ਪੈ ਜਾਂਦੇ ਹਨ। ਪੁਲਸ ਦਲ ਤਿਆਰੀ ਨਾਲ ਨਹੀਂ ਗਿਆ। ਕਈ ਪੁਲਸ ਮੁਲਾਜ਼ਮਾਂ ਕੋਲ ਕੋਈ ਹਥਿਆਰ ਨਹੀਂ ਸੀ। ਨਾ ਤਾਂ ਕਿਸੇ ਕੋਲ ਬੁਲੇਟ ਪਰੂਫ ਜੈਕੇਟ ਸੀ ਤੇ ਨਾ ਕਿਸੇ ਨੇ ਹੈਲਮੈਟ ਪਹਿਨਿਆ ਸੀ। ਫੀਲਡ ਕਰਾਫਟਸ ਅਤੇ ਰਣਨੀਤੀ ਦੇ ਜੋ ਨਿਯਮ ਹੁੰਦੇ ਹਨ, ਉਨ੍ਹਾਂ ਨੂੰ ਛਿੱਕੇ ਟੰਗ ਕੇ ਛਾਪਾ ਮਾਰਿਆ ਗਿਆ। ਦੂਜੀ ਹੈਰਾਨੀ ਦੀ ਗੱਲ ਇਹ ਹੈ ਕਿ ਪੁਲਸ ਦਾ ਖੁਫੀਆ ਤੰਤਰ ਲਗਭਗ ਜ਼ੀਰੋ ਸੀ, ਜਦ ਕਿ ਵਿਕਾਸ ਦੂਬੇ ਨੂੰ ਪੁਲਸ ਦੀਆਂ ਗਤੀਵਿਧੀਆਂ ਦੀ ਪੂਰੀ ਜਾਣਕਾਰੀ ਸੀ। ਸਪੱਸ਼ਟ ਹੈ ਕਿ ਕਿਸੇ ਨੇ ਵਿਕਾਸ ਦੂਬੇ ਲਈ ਮੁਖਬਰੀ ਕੀਤੀ ਸੀ। ਪ੍ਰਤੀਤ ਹੁੰਦਾ ਹੈ ਕਿ ਕਿਸੇ ਪੁਲਸ ਮੁਲਾਜ਼ਮ ਨੇ ਉਸ ਨੂੰ ਸਾਵਧਾਨ ਕੀਤਾ ਸੀ। ਇਹ ਹੋਰ ਸ਼ਰਮ ਦੀ ਗੱਲ ਹੋ ਜਾਂਦੀ ਹੈ। ਇਸ ਨਾਲ 'ਘਰ ਦਾ ਭੇਤੀ ਲੰਕਾ ਢਾਹੇ' ਵਾਲੀ ਕਹਾਵਤ ਸੱਚ ਹੁੰਦੀ ਹੈ। ਪੁਲਸ ਬਲ ਨੂੰ ਸਾਵਧਾਨੀ ਨਾ ਵਰਤਣ ਤੇ ਤਿਆਰੀ ਨਾਲ ਨਾ ਜਾਣ ਦਾ ਖਮਿਆਜ਼ਾ ਭੁਗਤਣਾ ਪਿਆ।

ਕਾਨਪੁਰ ਦੀ ਘਟਨਾ ਨੂੰ ਹੋਰ ਡੂੰਘਾਈ 'ਚ ਦੇਖਣ ਦੀ ਜ਼ਰੂਰਤ ਹੈ। ਬਦਕਿਸਮਤੀ ਨਾਲ ਉੱਤਰ ਪ੍ਰਦੇਸ਼ ਹੀ ਨਹੀਂ, ਪੂਰੇ ਦੇਸ਼ ਵਿੱਚ ਅੱਜ ਨੇਤਾਵਾਂ, ਸਰਕਾਰੀ ਤੰਤਰ ਤੇ ਅਪਰਾਧੀਆਂ ਵਿੱਚ ਗੰਢਤੁਪ ਦੀ ਬੜੀ ਭਿਅੰਕਰ ਸਮੱਸਿਆ ਹੈ। ਇਸ ਸਮੱਸਿਆ ਦੀ ਜਾਣਕਾਰੀ ਸਭ ਨੂੰ ਹੈ, ਪਰ ਇਸ ਦਾ ਹੱਲ ਕਰਨ ਲਈ ਕੋਈ ਗੰਭੀਰ ਕੋਸ਼ਿਸ਼ ਨਹੀਂ ਹੋ ਰਹੀ। ਨਤੀਜਾ ਇਹ ਹੈ ਕਿ ਵਿਧਾਨ ਸਭਾਵਾਂ ਤੇ ਪਾਰਲੀਮੈਂਟ 'ਚ ਅਪਰਾਧਕ ਪਿਛੋਕੜ ਵਾਲੇ ਲੋਕਾਂ ਦੀ ਘੁਸਪੈਠ ਵਧਦੀ ਜਾ ਰਹੀ ਹੈ। 2017 ਵਿੱਚ ਹੋਈਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਿੱਛੋਂ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ (ਏ ਡੀ ਆਰ) ਦੀ ਰਿਪੋਰਟ ਅਨੁਸਾਰ 143 ਵਿਧਾਇਕਾਂ (ਯਾਨੀ ਕੁੱਲ ਗਿਣਤੀ ਦਾ 36 ਫੀਸਦੀ) ਖਿਲਾਫ ਕੋਈ ਨਾ ਕੋਈ ਮੁਕੱਦਮਾ ਦਰਜ ਸੀ। ਇਨ੍ਹਾਂ 'ਚੋਂ 107 ਯਾਨੀ 26 ਫੀਸਦੀ ਵਿਧਾਇਕ ਅਜਿਹੇ ਸਨ, ਜਿਨ੍ਹਾਂ ਵਿਰੁੱਧ ਹੱਤਿਆ ਜਿਹੇ ਗੰਭੀਰ ਅਪਰਾਧ ਦਰਜ ਸਨ।

ਆਖਰ ਜਦੋਂ ਏਨੀ ਵੱਡੀ ਗਿਣਤੀ ਵਿੱਚ ਅਪਰਾਧਕ ਪਿਛੋਕੜ ਵਾਲੇ ਵਿਅਕਤੀ ਸਾਡੀਆਂ ਵਿਧਾਨ ਸਭਾਵਾਂ ਵਿੱਚ ਹੋਣਗੇ ਤਾਂ ਉਨ੍ਹਾਂ ਤੋਂ ਕਿਸ ਰਾਮ ਰਾਜ ਦੀ ਆਸ ਹੋ ਜਾ ਸਕਦੀ ਹੈ? ਇਨ੍ਹਾਂ ਦਾ ਨਾ ਸਿਰਫ ਅਪਰਾਧੀਆਂ ਨਾਲ ਮੇਲਜੋਲ ਹੋਵੇਗਾ, ਸਗੋਂ ਉਨ੍ਹਾਂ ਉਪਰ ਇਨ੍ਹਾਂ ਦਾ ਦਬਦਬਾ ਵੀ ਹੋਵੇਗਾ। ਅਜਿਹੀ ਸਥਿਤੀ ਵਿੱਚ ਕਾਨਪੁਰ ਜਿਹੀ ਘਟਨਾ ਦਾ ਹੋਣਾ ਕੋਈ ਹੈਰਾਨੀ ਦਾ ਵਿਸ਼ਾ ਨਹੀਂ ਹੈ। ਤੁਸੀਂ ਕਿੱਕਰ ਦੇ ਬੀਜ ਬੀਜੋਗੇ ਤਾਂ ਉਸ 'ਚੋਂ ਕੰਢੇ ਹੀ ਨਿਕਲਣਗੇ, ਅੰਬ ਖਾਣ ਨੂੰ ਨਹੀਂ ਮਿਲਣਗੇ।

ਕਿਹਾ ਜਾਂਦਾ ਹੈ ਕਿ ਵਿਕਾਸ ਦੂਬੇ ਨੂੰ ਸਮੇਂ-ਸਮੇਂ 'ਤੇ ਸੂਬੇ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਦੀ ਸ਼ਹਿ ਮਿਲਦੀ ਰਹੀ। ਨੇਤਾਵਾਂ ਦੀ ਜ਼ਿੰਮੇਵਾਰੀ ਤਾਂ ਹੈ ਹੀ, ਜਨਤਾ ਨੂੰ ਵੀ ਆਪਣਾ ਚਿਹਰਾ ਸ਼ੀਸ਼ੇ 'ਚ ਦੇਖਣਾ ਹੋਵੇਗਾ। ਆਖਰ ਉਨ੍ਹਾਂ ਦੀਆਂ ਵੋਟਾਂ ਨਾਲ ਇਹ ਲੋਕ ਚੁਣੇ ਜਾਂਦੇ ਹਨ ਤੇ ਸੂਬੇ ਵਿੱਚ ਵਿਧਾਨ ਸਭਾ ਤੇ ਕੇਂਦਰ ਵਿੱਚ ਲੋਕ ਸਭਾ 'ਚ ਸੁਸ਼ੋਭਿਤ ਹੁੰਦੇ ਹਨ। ਆਪਣੇ ਦੇਸ਼ ਵਿੱਚ ਨਾਜਾਇਜ਼ ਅਸਲੇ ਦੀ ਸਮੱਸਿਆ ਵੀ ਗੰਭੀਰ ਹੈ। ਅੰਕੜਿਆਂ ਅਨੁਸਾਰ ਭਾਰਤ 'ਚ ਕੁੱਲ ਸੱਤ ਕਰੋੜ ਤੋਂ ਵੱਧ ਹਥਿਆਰ ਹਨ ਤੇ ਇਹ ਗਿਣਤੀ ਦੁਨੀਆ 'ਚ ਅਮਰੀਕਾ ਤੋਂ ਬਾਅਦ ਦੂਜੇ ਥਾਂ ਮੰਨੀ ਜਾਂਦੀ ਹੈ। ਇਨ੍ਹਾਂ 'ਚੋਂ ਸਿਰਫ ਇੱਕ ਕਰੋੜ ਦੇ ਲਈ ਲਾਇਸੈਂਸ ਹਨ। ਬਾਕੀ ਛੇ ਕਰੋੜ ਨਾਜਾਇਜ਼ ਹਨ। ਉੱਤਰ ਪ੍ਰਦੇਸ਼ 'ਚ ਇਨ੍ਹਾਂ ਨਾਜਾਇਜ਼ ਹਥਿਆਰਾਂ ਦਾ ਅੱਛਾ ਖਾਸਾ ਜ਼ਖੀਰਾ ਹੋਵੇਗਾ।



ਅਜਿਹੀ ਜਾਣਕਾਰੀ ਮਿਲ ਰਹੀ ਹੈ ਕਿ ਕਾਨਪੁਰ ਐਨਕਾਊਂਟਰ ਵਿੱਚ ਵਿਕਾਸ ਦੂਬੇ ਦੇ ਗੁਰਗਿਆਂ ਕੋਲ ਅਤਿਆਧੁਨਿਕ ਹਥਿਆਰ ਸਨ। ਆਖਰ ਇਹ ਹਥਿਆਰ ਉਨ੍ਹਾਂ ਕੋਲ ਕਿੱਥੋਂ ਆਏ ਤੇ ਪੁਲਸ ਨੂੰ ਇਸ ਦੀ ਸੂਹ ਕਿਵੇਂ ਨਹੀਂ ਸੀ ਤੇ ਜਾਣਕਾਰੀ ਸੀ ਤਾਂ ਪੁਲਸ ਨੇ ਕਾਰਵਾਈ ਕਿਉਂ ਨਹੀਂ ਕੀਤੀ? ਵਿਕਾਸ ਦੂਬੇ ਦੇ ਗੈਂਗ ਨੇ ਪੁਲਸ ਤੋਂ ਇੱਕ ਏ ਕੇ 47 ਰਾਈਫਲ, ਇੱਕ ਇਨਸਾਸ ਰਾਈਫਲ ਤੇ ਦੋ ਪਿਸਤੌਲ ਵੀ ਖੋਹ ਲਏ। ਇਹ ਪੁਲਸ ਲਈ ਕੋਈ ਮਾਣ ਵਾਲੀ ਗੱਲ ਨਹੀਂ ਹੈ।

ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਅਪਰਾਧਕ ਨਿਆਂ ਪ੍ਰਣਾਲੀ 'ਤੇ ਵੀ ਨਵੇਂ ਸਿਰੇ ਤੋਂ ਝਾਤੀ ਮਾਰੀਏ। ਸੱਚਾਈ ਇਹ ਹੈ ਕਿ ਖਤਰਨਾਕ ਅਪਰਾਧੀਆਂ ਦੇ ਖਿਲਾਫ ਸਹੀ ਤਰ੍ਹਾਂ ਕਾਰਵਾਈ ਨਹੀਂ ਹੁੰਦੀ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅਨੁਸਾਰ ਉੱਤਰ ਪ੍ਰਦੇਸ਼ ਵਿੱਚ ਸਾਲ 2018 ਵਿੱਚ ਕੁੱਲ 4,14,112 ਵਿਅਕਤੀ ਆਈ ਪੀ ਸੀ ਹੇਠ ਵੱਖ ਵੱਖ ਅਪਰਾਧਾਂ 'ਚ ਫੜੇ ਗਏ। ਇਨ੍ਹਾਂ 'ਚੋਂ ਸਿਰਫ 1,44, 274 ਵਿਅਕਤੀਆਂ ਨੂੰ ਹੀ ਯਾਨੀ ਸਿਰਫ 34 ਫੀਸਦੀ ਨੂੰ ਹੀ ਸਜ਼ਾ ਹੋ ਸਕੀ।

ਅਦਾਲਤਾਂ 'ਚ ਮੁਕੱਦਮਿਆਂ ਦੇ ਲੰਬਾ ਖਿੱਚਣ ਦੀ ਸਥਿਤੀ ਵੀ ਡੂੰਘਾਈ ਨਾਲ ਸੋਚਣ ਦਾ ਵਿਸ਼ਾ ਹੈ। ਉਤਰ ਪ੍ਰਦੇਸ਼ ਵਿੱਚ 2018 ਵਿੱਚ ਵੱਖ-ਵੱਖ ਅਦਾਲਤਾਂ ਵਿੱਚ ਕੁੱਲ 10,27, 583 ਕੇਸ ਵਿਚਾਰ ਅਧੀਨ ਸਨ। ਇਨ੍ਹਾਂ 'ਚੋਂ ਸਿਰਫ 65,130 ਨੂੰ ਹੀ ਸਜ਼ਾ ਹੋ ਸਕੀ ਤੇ ਸਾਲ ਦੇ ਅੰਤ ਵਿੱਚ ਲਟਕੇ ਕੇਸਾਂ ਦੀ ਗਿਣਤੀ 90.8 ਫੀਸਦੀ ਸੀ। ਕਹਿਣ ਦਾ ਭਾਵ ਇਹ ਹੈ ਕਿ ਕੇਸਾਂ ਦਾ ਫੈਸਲਾ ਹੋਣ 'ਚ ਬਹੁਤ ਸਮਾਂ ਲੱਗਦਾ ਹੈ ਤੇ ਸਜ਼ਾ ਵੀ ਘੱਟ ਅਪਰਾਧੀਆਂ ਨੂੰ ਹੁੰਦੀ ਹੈ। ਵਿਕਾਸ ਦੂਬੇ ਨੂੰ ਦੇਖਿਆ ਜਾਵੇ ਤਾਂ 60 ਅਪਰਾਧਕ ਘਟਨਾਵਾਂ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਉਹ ਸ਼ਰੇਆਮ ਬਾਹਰ ਘੁੰਮ ਰਿਹਾ ਸੀ। ਇੱਕ ਮੰਤਰੀ ਦੀ ਹੱਤਿਆ ਤੱਕ 'ਚ ਉਸ ਨੂੰ ਸਜ਼ਾ ਤੱਕ ਨਹੀਂ ਹੋ ਸਕੀ। ਇਹ ਕਿਹੋ ਜਿਹੀਂ ਨਿਆਂ ਪ੍ਰਣਾਲੀ ਹੈ।


ਸਮੁੱਚੀ ਸਥਿਤੀ 'ਤੇ ਵਿਚਾਰ ਕਰਨ ਨਾਲ ਪ੍ਰਤੀਤ ਹੁੰਦਾ ਹੈ ਕਿ ਸਾਡੇ ਸਮਾਜ, ਸਾਡੀ ਨਿਆਂ ਪ੍ਰਣਾਲੀ, ਸਾਡੀ ਸਿਵਲ ਤੇ ਪੁਲਸ ਸੇਵਾ ਤੇ ਰਾਜਨੀਤੀ ਸਭ ਨੂੰ ਸਿਉਂਕ ਲੱਗ ਗਈ ਹੈ। ਸਮਾਜ ਜਾਤੀਗਤ ਭਾਵਨਾਵਾਂ 'ਤੇ ਅਪਰਾਧੀਆਂ ਨੂੰ ਅੱਗੇ ਵਧਾਉਂਦਾ ਹੈ। ਨਿਆਂ ਪ੍ਰਣਾਲੀ ਆਮ ਆਦਮੀ ਨੂੰ ਸਜ਼ਾ ਦਿਵਾ ਦਿੰਦੀ ਹੈ, ਪਰ ਜੋ ਸਿਆਸੀ ਜਾਂ ਆਰਥਿਕ ਪੱਖੋਂ ਪ੍ਰਭਾਵਸ਼ਾਲੀ ਹੈ, ਉਨ੍ਹਾਂ ਦੇ ਵਿਰੁੱਧ ਕਾਰਵਾਈ ਨਹੀਂ ਕਰਦੀ। ਸਿਵਲ ਸੇਵਾਵਾਂ ਤੇ ਪੁਲਸ ਵਿੱਚ ਕਾਨੂੰਨ ਵੱਲ ਪ੍ਰਤੀਬੱਧਤਾ ਡਿੱਗਦੀ ਜਾਂਦੀ ਹੈ। ਜ਼ਿਆਦਾਤਰ ਅਧਿਕਾਰੀ ਆਪਣੇ ਹਿੱਤਾਂ ਦੀ ਪੂਰਤੀ ਵਿੱਚ ਹੀ ਲੱਗੇ ਹੋਏ ਹਨ। ਸਿਆਸਤ ਦਾ ਪੱਧਰ ਹੋਰ ਡਿੱਗਦਾ ਜਾ ਰਿਹਾ ਹੈ।

ਦੇਸ਼ ਧਰੋਹ ਦੀ ਗੱਲ ਕਰਨ ਵਿੱਚ ਲੋਕ ਆਪਣੀ ਸ਼ਾਨ ਸਮਝਣ ਲੱਗੇ ਹਨ। ਅਪਰਾਧਕ ਪ੍ਰਵਿਰਤੀ ਵਾਲੇ ਨੇਤਾ ਲੋਕਤੰਤਰ ਦੀਆਂ ਜੜ੍ਹਾਂ ਨੂੰ ਖੋਖਲਾ ਕਰਦੇ ਜਾ ਰਹੇ ਹਨ। ਪੁਲਸ ਸੁਧਾਰਾਂ ਦੀ ਗੱਲ ਕੀਤੀ ਜਾਵੇ ਤਾਂ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਦੇ ਕੰਨਾਂ 'ਤੇ ਜੂੰ ਵੀ ਨਹੀਂ ਸਰਕਦੀ। ਜੇ ਇਨ੍ਹਾਂ ਹਾਲਾਤਾਂ ਵਿੱਚ ਸੁਧਾਰ ਨਾ ਲਿਆਂਦਾ ਗਿਆ ਤਾਂ ਇੱਕ ਦਿਨ ਦੇਸ਼ 'ਚੋਂ ਲੋਕਤੰਤਰ ਦਾ ਜਨਾਜ਼ਾ ਉਠ ਜਾਵੇਗਾ। ਸਮਾਜਕ ਖੇਤਰ 'ਚ, ਆਰਥਿਕ ਢਾਂਚੇ 'ਚ, ਨਿਆਂ ਪ੍ਰਣਾਲੀ 'ਚ, ਸਿਵਲ ਸੇਵਾ ਤੇ ਪੁਲਸ ਦੀ ਕਾਰਜ ਪ੍ਰਣਾਲੀ 'ਚ ਤੇ ਸਭ ਤੋਂ ਜ਼ਿਆਦਾ ਰਾਜਨੀਤੀ 'ਚ ਕ੍ਰਾਂਤੀਕਾਰੀ ਤਬਦੀਲੀ ਦੀ ਜ਼ਰੂਰਤ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਆਮ ਤੋਂ ਖਾਸ ਬਣਨ ਵਾਲੇ ਲੋਕ

-ਪ੍ਰਿੰਸੀਪਲ ਵਿਜੇ ਕੁਮਾਰ

ਹਰ ਵਿਅਕਤੀ ਇਹ ਇੱਛਾ ਰੱਖਦਾ ਹੈ ਕਿ ਉਹ ਸਮਾਜ ਵਿੱਚ ਖਾਸ ਵਿਅਕਤੀ ਵਜੋਂ ਜਾਣਿਆ-ਪਛਾਣਿਆ ਜਾਵੇ। ਲੋਕਾਂ ਦੀ ਨਜ਼ਰ 'ਚ ਉਸ ਦੀ ਥਾਂ ਖਾਸ ਵਿਅਕਤੀ ਵਜੋਂ ਹੋਵੇ, ਪਰ ਹਰ ਵਿਅਕਤੀ ਖਾਸ ਨਹੀਂ ਹੋ ਸਕਦਾ। ਆਮ ਲੋਕਾਂ ਤੋਂ ਖਾਸ ਬਣਨ ਲਈ ਆਪਣੀ 'ਮੈਂ' ਨੂੰ ਮਾਰਨਾ ਪੈਂਦਾ ਹੈ। ਘਾਟੇ-ਵਾਧੇ, ਨਫੇ ਨੁਕਸਾਨ ਅਤੇ ਕਮਾਉਣ-ਗੁਆਉਣ ਦੀ ਤੱਕੜੀ ਨੂੰ ਪਾਸੇ ਰੱਖ ਕੇ ਹਿਸਾਬ-ਕਿਤਾਬ ਦੀ ਜਮ੍ਹਾ ਤਕਸੀਮ ਤੋਂ ਲਾਂਭੇ ਹੋਣਾ ਪੈਂਦਾ ਹੈ। ਉਚੇ ਮਹਿਲ-ਮੁਨਾਰਿਆਂ ਵਾਲੇ, ਧਨਾਢ, ਗੰਨਮੈਨਾਂ ਨਾਲ ਘਿਰੇ ਅਤੇ ਅੱਗੇ-ਪਿੱਛੇ ਕਾਰਾਂ ਦਾ ਕਾਫਲਾ ਲੈ ਕੇ ਚੱਲਣ ਵਾਲੇ ਕਦੇ ਵੀ ਖਾਸ ਵਿਅਕਤੀ ਨਹੀਂ ਹੋ ਸਕਦੇ। ਵਿਧਾਇਕਾਂ, ਮੰਤਰੀਆਂ, ਵੱਡੇ ਵੱਡੇ ਸਿਆਸਤਦਾਨਾਂ ਅਤੇ ਉਚੇ ਅਹੁਦਿਆਂ 'ਤੇ ਕੰਮ ਕਰਨ ਵਾਲੇ ਲੋਕਾਂ ਨੂੰ ਵੱਡੇ ਲੋਕ ਕਿਹਾ ਜਾ ਸਕਦਾ ਹੈ, ਪਰ ਖਾਸ ਵਿਅਕਤੀ ਨਹੀਂ, ਕਿਉਂਕਿ ਉਨ੍ਹਾਂ ਦਾ ਲੋਕ ਮਨਾਂ ਉੱਤੇ ਪ੍ਰਭਾਵ ਉਦੋਂ ਤੱਕ ਰਹਿੰਦਾ ਹੈ, ਜਦ ਤੱਕ ਉਨ੍ਹਾਂ ਕੋਲ ਅਹੁਦਿਆਂ ਜਾਂ ਫਿਰ ਸੱਤਾ ਦੀ ਤਾਕਤ ਰਹਿੰਦੀ ਹੈ। ਖਾਸ ਲੋਕ ਉਹ ਹੁੰਦੇ ਹਨ ਜਿਹੜੇ ਇਸ ਦੁਨੀਆ ਤੋਂ ਤੁਰ ਜਾਣ ਤੋਂ ਬਾਅਦ ਵੀ ਲੋਕਾਂ ਦੇ ਮਨਾਂ ਵਿੱਚ ਵਸੇ ਰਹਿੰਦੇ ਹਨ।

ਸਾਡੇ ਪਿੰਡ ਦਾ ਇੱਕ ਵਿਅਕਤੀ ਪਿੰਡ ਦੇ ਕਿਸੇ ਵੀ ਵਿਅਕਤੀ ਦੀ ਮੌਤ ਹੋ ਜਾਣ ਉੱਤੇ ਆਪਣੇ ਕੰਮ-ਧੰਦੇ ਦੀ ਪ੍ਰਵਾਹ ਕੀਤੇ ਬਿਨਾਂ ਪੀੜਤ ਪਰਵਾਰ ਕੋਲ ਹਮਦਰਦੀ ਪ੍ਰਗਟਾਉਣ ਜਾਂਦਾ ਸੀ। ਉਹ ਉਦੋਂ ਤੱਕ ਹਰ ਰੋਜ਼ ਪੀੜਤ ਪਰਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ, ਜਦ ਤੱਕ ਕਿ ਅੰਤਿਮ ਅਰਦਾਸ ਨਾ ਹੋ ਜਾਂਦੀ। ਪੇਸ਼ੇ ਤੋਂ ਉਹ ਦੁਕਾਨਦਾਰ ਹੈ। ਉਸ ਨੂੰ ਇਸ ਗੱਲ ਦੀ ਵੀ ਕੋਈ ਪ੍ਰਵਾਹ ਨਹੀਂ ਕਿ ਇਸ ਸਭ ਕਾਸੇ ਵਿੱਚ ਉਸ ਦੀ ਦੁਕਾਨ ਬੰਦ ਹੋ ਜਾਂਦੀ ਹੈ। ਉਸ ਦੇ ਘਰ ਵਾਲੇ ਜਦੋਂ ਉਸ ਨੂੰ ਦੁਕਾਨ ਬੰਦ ਹੋਣ ਅਤੇ ਵਪਾਰ ਖਰਾਬ ਹੋਣ ਦੀ ਗੱਲ ਕਹਿੰਦੇ ਤਾਂ ਉਹ ਅੱਗਿਓਂ ਇੱਕੋ ਗੱਲ ਕਹਿੰਦਾ ਹੈ, 'ਸਾਰਾ ਕੁਝ ਇਥੇ ਰਹਿ ਜਾਣਾ ਹੈ। ਜੇ ਕੁਝ ਨਾਲ ਜਾਣਾ ਹੈ ਤਾਂ ਉਹ ਹੈ ਕਮਾਈ ਹੋਈ ਨੇਕੀ ਅਤੇ ਪੁੰਨ।' ਕੰਮ ਸੰਵਾਰਨ ਵਾਲੇ ਲੋਕ ਹੀ ਆਮ ਤੋਂ ਖਾਸ ਵਿਅਕਤੀ ਬਣਦੇ ਹਨ। ਉਹ ਕਦੇ ਇਹ ਸੋਚ ਕੇ ਨੇਕੀ ਨਹੀਂ ਕਰਦੇ ਕਿ ਲੋਕ ਉਨ੍ਹਾਂ ਨੂੰ ਯਾਦ ਕਰਨ ਜਾਂ ਉਨ੍ਹਾਂ ਨੂੰ ਚੰਗਾ ਕਹਿਣ। ਉਹ ਲੋਕਾਂ ਦੇ ਮੂੰਹ ਤੋਂ ਸ਼ਲਾਘਾ ਸੁਣਨ ਦੇ ਚਾਹਵਾਨ ਵੀ ਨਹੀਂ ਹੁੰਦੇ। ਉਹ ਕੇਵਲ ਦੂਜਿਆਂ ਦੇ ਕੰਮ ਆਉਣ ਲਈ, ਉਸ ਅਕਾਲ ਪੁਰਖ ਦੇ ਕਾਗਜ਼ਾਂ ਵਿੱਚ ਆਪਣੀ ਹਾਜ਼ਰੀ ਲਵਾਉਣ ਲਈ ਲੋਕ ਭਲਾਈ ਦੇ ਕੰਮ ਕਰਦੇ ਹਨ।

ਸਾਡੇ ਸ਼ਹਿਰ ਦੇ ਦੋ ਬਜ਼ੁਰਗ ਲੋਕਾਂ ਅੱਗੇ ਝੋਲੀ ਅੱਡ ਕੇ ਸਕੂਲਾਂ ਵਿੱਚ ਪੜ੍ਹਨ ਵਾਲੇ ਗਰੀਬ ਬੱਚਿਆਂ ਨੂੰ ਕੋਟੀਆਂ, ਬੂਟ ਅਤੇ ਸਟੇਸ਼ਨਰੀ ਦਿਵਾਉਂਦੇ ਹਨ। ਉਨ੍ਹਾਂ ਨੇ ਸ਼ਹਿਰ ਦੇ ਸ਼ਮਸ਼ਾ ਘਾਟ ਨੂੰ ਹਰ ਪੱਖੋਂ ਚੰਗਾ ਬਣਾ ਦਿੱਤਾ ਹੈ। ਉਨ੍ਹਾਂ 'ਚੋਂ ਮੰਜੇ ਉਤੇ ਪਿਆ ਵੀ ਇੱਕ ਬਜ਼ੁਰਗ ਆਪਣੇ ਪੁੱਤਰਾਂ ਤੋਂ ਨੇਕੀ ਅਤੇ ਪੁੰਨ ਦੇ ਕੰਮ ਕਰਵਾਉਂਦਾ ਰਹਿੰਦਾ ਹੈ। ਉਨ੍ਹਾਂ ਦੋਵਾਂ ਬਜ਼ੁਰਗਾਂ ਦੇ ਲੋਕ ਭਲਾਈ ਦੇ ਕੰਮਾਂ ਨੇ ਉਨ੍ਹਾਂ ਦੋਵਾਂ ਨੂੰ ਆਮ ਤੋਂ ਖਾਸ ਬਣਾ ਦਿੱਤਾ ਹੈ। ਕੁਝ ਲੋਕ ਆਮ ਤੋਂ ਖਾਸ ਵਿਅਕਤੀ ਬਣਨ ਲਈ ਕਈ ਤਰ੍ਹਾਂ ਦੇ ਢਕਵੰਜ ਅਤੇ ਪ੍ਰਪੰਚ ਰਚਦੇ ਹਨ। ਲੰਗਰ, ਛਬੀਲਾਂ, ਖੂਨਦਾਨ ਕੈਂਪ, ਜਗਰਾਤੇ, ਅਖਾੜੇ ਕਰਵਾ ਕੇ ਅਖਬਾਰਾਂ ਵਿੱਚ ਫੋਟੋਆਂ ਸਮੇਤ ਖਬਰਾਂ ਲਵਾਉਂਦੇ ਹਨ। ਉਹ ਫਿਰ ਵੀ ਆਮ ਤੋਂ ਖਾਸ ਵਿਅਕਤੀ ਨਹੀਂ ਬਣ ਸਕਦੇ, ਕਿਉਂਕਿ ਉਨ੍ਹਾਂ ਦੇ ਲੋਕ ਭਲਾਈ ਦੇ ਕੰਮਾਂ ਵਿੱਚ ਕਿਤੇ ਨਾ ਕਿਤੇ ਉਨ੍ਹਾਂ ਦਾ ਆਪਾ ਅਤੇ ਖੁਦਗਰਜ਼ੀ ਲੁਕੇ ਹੁੰਦੇ ਹਨ। ਲੋਕ ਭਲਾਈ ਦੇ ਕੰਮਾਂ ਨਾਲੋਂ ਉਨ੍ਹਾਂ ਨੂੰ ਆਪਣੇ ਪ੍ਰਸਿੱਧ ਹੋਣ ਅਤੇ ਕੁਝ ਨਾ ਕੁਝ ਪ੍ਰਾਪਤ ਕਰਨ ਦਾ ਵੱਧ ਫਿਕਰ ਹੁੰਦਾ ਹੈ। ਲੋਕ ਉਨ੍ਹਾਂ ਦੇ ਇਨ੍ਹਾਂ ਵਿਖਾਵਿਆਂ ਅਤੇ ਡਰਾਮੇਬਾਜ਼ੀ ਬਾਰੇ ਸਭ ਕੁਝ ਸਮਝਦੇ ਹੁੰਦੇ ਹਨ।

ਦੋ ਸਰਦਾਰ ਭਰਾ ਸਾਰੇ ਸ਼ਹਿਰ ਵਿੱਚ ਘਰ-ਘਰ ਜਾ ਕੇ ਚੰਡੀਗੜ੍ਹ ਪੀ ਜੀ ਆਈ ਨੂੰ ਜਾਣ ਵਾਲੀ ਬਸ ਦੇ ਲਈ ਪੈਸਿਆਂ ਦਾ ਪ੍ਰਬੰਧ ਕਰਦੇ ਹਨ ਤਾਂ ਕਿ ਗਰੀਬ ਲੋਕਾਂ ਨੂੰ ਇਲਾਜ ਕਰਵਾਉਣ ਲਈ ਪੀ ਜੀ ਆਈ ਜਾਣ ਲਈ ਕੋਈ ਪੈਸਾ ਨਾ ਖਰਚ ਕਰਨਾ ਪਵੇ। ਸਾਡੇ ਹੀ ਸ਼ਹਿਰ ਦੇ ਬੈਂਕ ਵਿੱਚੋਂ ਸੇਵਾ ਮੁਕਤ ਹੋਏ ਇੱਕ ਕਰਮਚਾਰੀ ਨੇ ਸੇਵਾਮੁਕਤੀ 'ਤੇ ਮਿਲਣ ਵਾਲੇ ਪੈਸਿਆਂ 'ਚੋਂ ਗਰੀਬ ਲੋਕਾਂ ਲਈ ਪੀ ਜੀ ਆਈ ਚੰਡੀਗੜ੍ਹ ਜਾਣ ਲਈ ਨਵੀਂ ਬਸ ਲੈ ਕੇ ਦਿੱਤੀ। ਆਪਣੇ ਇਸ ਭਲੇ ਦੇ ਕੰਮ ਲਈ ਉਹ ਕਿਸੇ ਨੂੰ ਆਪਣੀ ਪ੍ਰਸੰਸਾ ਨਹੀਂ ਕਰਨ ਦਿੰਦੇ। ਸ਼ਹਿਰ ਦੇ ਸਭ ਦੁਕਾਨਦਾਰ ਉਨ੍ਹਾਂ ਦਾਨਿਸ਼ਮੰਦ ਸੱਜਣਾਂ ਨੂੰ ਹਰ ਮਹੀਨੇ ਦਾਨ ਦੇਣ ਲਈ ਉਡੀਕਦੇ ਰਹਿੰਦੇ ਹਨ। ਲੋਕਾਂ ਦੀ ਨਜ਼ਰ ਵਿੱਚ ਉਹ ਆਮ ਤੋਂ ਖਾਸ ਬਣ ਗਏ ਹਨ।

ਬਹੁਤ ਸਾਰੇ ਲੋਕ ਭਲਾਈ ਦੇ ਓਨੇ ਕੰਮ ਨਹੀਂ ਕਰਦੇ, ਜਿੰਨਿਆਂ ਦਾ ਲੋਕਾਂ ਵਿੱਚ ਢਿੰਡੋਰਾ ਪਿਟਦੇ ਹਨ। ਉਨ੍ਹਾਂ ਵੱਲੋਂ ਨੇਕੀ ਦੇ ਕੀਤੇ ਜਾਣ ਵਾਲੇ ਕੰਮਾਂ ਦੇ ਵਜ਼ਨ ਨਾਲੋਂ ਉਨ੍ਹਾਂ ਦੇ ਸਵਾਰਥ ਅਤੇ ਵਿਖਾਵੇ ਦੀ ਪੰਡ ਜ਼ਿਆਦਾ ਭਾਰੀ ਹੁੰਦੀ ਹੈ। ਪੌਦੇ ਲਾ ਕੇ ਫੋਟੋਆਂ ਖਿਚਵਾਉਣ ਵਾਲੇ ਲੋਕਾਂ ਦੀ ਮਾਨਸਿਕਤਾ ਬਾਰੇ ਲੋਕ ਸਭ ਕੁਝ ਸਮਝਦੇ ਅਤੇ ਜਾਣਦੇ ਹੁੰਦੇ ਹਨ। ਫੌਜ ਤੋਂ ਸੇਵਾ ਮੁਕਤ ਹੋਏ ਇੱਕ ਕਰਨਲ ਨੇ ਆਪਣੇ ਪਿੰਡ 'ਚ ਪੌਦੇ ਲਗਾਉਣ ਅਤੇ ਉਨ੍ਹਾਂ ਨੂੰ ਕਾਯਮਾਬ ਕਰਨ ਨੂੰ ਆਪਣਾ ਮਿਸ਼ਨ ਬਣਾਇਆ ਹੋਇਆ ਹੈ। ਉਹ ਆਪਣੇ ਲੋਕ ਭਲਾਈ ਦੇ ਇਸ ਕੰਮ ਦੀਆਂ ਨਾ ਫੋਟੋਆਂ ਖਿਚਵਾਉਂਦਾ ਤੇ ਨਾ ਅਖਬਾਰਾਂ ਵਿੱਚ ਖਬਰਾਂ ਲਵਾਉਂਦਾ ਹੈ। ਉਹ ਆਪਣੇ ਇਲਾਕੇ ਵਿੱਚ ਆਮ ਤੋਂ ਖਾਸ ਬਣ ਗਿਆ ਹੈ। ਆਮ ਤੋਂ ਖਾਸ ਬਣਨ ਵਾਲੇ ਲੋਕ ਮਨ ਤੋਂ ਦਾਨਿਸ਼ਮੰਦ ਹੁੰਦੇ ਹਨ। ਉਨ੍ਹਾਂ ਨੂੰ ਅਕਾਲ ਪੁਰਖ 'ਤੇ ਭਰੋਸਾ ਹੁੰਦਾ ਹੈ। ਉਨ੍ਹਾਂ ਦੇ ਹੱਥ ਆਪਣੇ ਵੱਲ ਨੂੰ ਘੱਟ ਤੇ ਦੂਜਿਆਂ ਵੱਲ ਨੂੰ ਵੱਧ ਝੁਕਦੇ ਹਨ। ਉਨ੍ਹਾਂ ਦੀ ਕਰਨੀ ਅਤੇ ਕਥਨੀ ਵਿੱਚ ਕੋਈ ਫਰਕ ਨਹੀਂ ਹੁੰਦਾ? ਉਨ੍ਹਾਂ ਦੇ ਫੈਸਲੇ ਲੋਕ-ਪੱਖੀ ਹੁੰਦੇ ਹਨ। ਹੰਕਾਰੀ, ਚਾਲਬਾਜ਼, ਦਗਾਬਾਜ਼, ਤਿਕੜਮਬਾਜ਼, ਮੌਕਾਪ੍ਰਸਤ ਤੇ ਨੌਸਰਬਾਜ਼ ਭਾਵੇਂ ਕਿੰਨੇ ਵੀ ਧਨਾਢ ਕਿਉਂ ਨਾ ਹੋਣ, ਉਨ੍ਹਾਂ ਦੀ ਸਰਕਾਰੇ-ਦਰਬਾਰੇ ਜਿੰਨੀ ਮਰਜ਼ੀ ਪਹੁੰਚ ਹੋਵੇ, ਉਹ ਲੋਕ ਮਨਾਂ ਵਿੱਚ ਹਰਮਨ ਪਿਆਰੇ ਨਹੀਂ ਹੋ ਸਕਦੇ। ਇੱਕ ਧਨਾਢ ਵਿਅਕਤੀ ਨੂੰ ਆਪਣੇ ਪ੍ਰਭਾਵਸ਼ਾਲੀ ਹੋਣ ਦਾ ਵਹਿਮ ਹੋ ਗਿਆ? ਉਸ ਨੂੰ ਗਲਤਫਹਿਮੀ ਹੋ ਗਈ ਕਿ ਉਸ ਦੇ ਅਮੀਰ ਹੋਣ ਦੇ ਪ੍ਰਭਾਵ ਕਾਰਨ ਲੋਕ ਉਸ ਦੇ ਨਾਲ ਹਨ, ਪਰ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਉਸ ਨੂੰ ਇੱਕ ਸਾਧਾਰਨ ਜਿਹੇ ਬੰਦੇ ਨੇ ਹਰਾ ਦਿੱਤਾ। ਉਸ ਨੇ ਹਾਰਨ 'ਤੇ ਇੱਕ ਖਾਸ ਦੋਸਤ ਤੋਂ ਪੁੱਛਿਆ, ''ਯਾਰ, ਮੈਂ ਚੋਣ ਜਿੱਤਣ ਲਈ ਐਨੇ ਪੈਸੇ ਖਰਚੇ, ਲੋਕਾਂ ਨੂੰ ਬੇਥਾਹ ਸ਼ਰਾਬ ਪਿਆਈ, ਪਰ ਉਨ੍ਹਾਂ ਨੇ ਮੈਨੂੰ ਫਿਰ ਹਰਾ ਦਿੱਤਾ।'' ਦੋਸਤ ਨੇ ਜਵਾਬ ਦਿੱਤਾ, ''ਭਾਈ ਸਾਹਿਬ, ਜਿਸ ਵਿਅਕਤੀ ਨੇ ਤੈਨੂੰ ਹਰਾਇਆ ਹੈ, ਤੇਰੀਆਂ ਨਜ਼ਰਾਂ ਵਿੱਚ ਉਹ ਆਮ ਬੰਦਾ ਹੈ, ਪਰ ਲੋਕਾਂ ਦੀਆਂ ਨਜ਼ਰਾਂ ਵਿੱਚ ਉਹ ਖਾਸ ਹੈ। ਤੇਰੇ ਕੋਲ ਧਨ ਹੈ, ਉਸ ਕੋਲ ਲੋਕ ਹਨ। ਤੂੰ ਆਪਣੇ ਲਈ ਜਿਊਂਦਾ ਹੈਂ, ਉਹ ਲੋਕਾਂ ਲਈ ਜਿਊਂਦਾ ਹੈ। ਆਮ ਤੋਂ ਖਾਸ ਵਿਅਕਤੀ ਬਣਨ ਲਈ ਆਪਣੇ-ਆਪ ਨੂੰ ਮਿਟਾਉਣਾ ਪੈਂਦਾ ਹੈ। ਲੰਬਾ ਸੰਘਰਸ਼ ਕਰਨਾ ਪੈਂਦਾ ਹੈ। ਦੂਜਿਆਂ ਦੇ ਦਿਲ ਜਿੱਤਣੇ ਪੈਂਦੇ ਹਨ।

ਮੇਰੇ ਪਿੰਡ ਦੇ ਇੱਕ ਬਜ਼ੁਰਗ ਨੇ ਆਪਣੇ ਚਾਰੇ ਪੁੱਤਰਾਂ ਨੂੰ ਵੱਡੇ ਵੱਡੇ ਅਫਸਰ ਹੋਣ ਦੇ ਬਾਵਜੂਦ ਸਾਧਾਰਨ ਅਤੇ ਗਰੀਬ ਪਰਵਾਰਾਂ 'ਚ ਵਿਆਹਿਆ। ਉਸ ਨੇ ਕਿਸੇ ਤੋਂ ਵੀ ਦਾਜ ਨਹੀਂ ਲਿਆ। ਉਸ ਬਜ਼ੁਰਗ ਨੂੰ ਇਸ ਧਰਤੀ ਤੋਂ ਗਿਆਂ ਕਈ ਵਰ੍ਹੇ ਹੋ ਚੁੱਕੇ ਹਨ, ਪਰ ਸਾਰੇ ਇਲਾਕੇ 'ਚ ਉਸ ਦੇ ਆਦਰਸ਼ਮਈ ਜੀਵਨ ਦੀਆਂ ਅੱਜ ਵੀ ਲੋਕ ਉਦਾਹਰਨਾਂ ਦਿੰਦੇ ਹਨ। ਉਹ ਆਪਣੇ ਇਸ ਗੁਣ ਕਾਰਨ ਆਮ ਤੋਂ ਖਾਸ ਵਿਅਕਤੀ ਬਣ ਗਿਆ ਹੈ।

## ਗੁਰਪਤਵੰਤ ਪਨੂੰ ਉੱਤੇ ਦੇਸ਼-ਧ੍ਰੋਹ ਅਤੇ ਵੱਖਵਾਦ ਦੇ ਦੋਸ਼ 'ਚ ਇੱਕ ਹੋਰ ਕੇਸ ਦਰਜ



ਚੰਡੀਗੜ੍ਹ, 13 ਜੁਲਾਈ (ਪੋਸਟ ਬਿਊਰੋ)- ਹਰਿਆਣਾ ਪੁਲਸ ਨੇ 'ਸਿੱਖ ਸਫਾਰ ਜਸਟਿਸ' (ਐਸ ਐਫ ਜੇ) ਦੇ ਆਪੇ ਬਣੇ ਹੋਏ ਆਗੂ ਗੁਰਪਤਵੰਤ ਸਿੰਘ ਪਨੂੰ ਵਿਰੁੱਧ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ 1976 ਦਾ ਕੇਸ ਦਰਜ ਕਰਨ ਦੇ 10 ਦਿਨ ਬਾਅਦ ਉਸ ਦੇ ਵਿਰੁੱਧ ਕੁਰੂਕੇਸ਼ਤਰ 'ਚ ਦੇਸ਼-ਧ੍ਰੋਹ ਅਤੇ ਵੱਖਵਾਦ ਦੇ ਦੋਸ਼ 'ਚ ਇੱਕ ਹੋਰ ਕੇਸ ਦਰਜ ਕੀਤਾ ਹੈ। ਇਸ ਕੇਸ ਵਿੱਚ ਹਰਿਆਣਾ ਪੁਲਸ ਨੇ ਗੁਰੁਪਤਵੰਤ ਪਨੂੰ ਦੀਆਂ ਸਾਰੀਆਂ ਵੈੱਬਸਾਈਟਾਂ, ਜਿਨ੍ਹਾਂ ਨੂੰ ਇੱਕ ਹਫ਼ਤੇ ਵਿੱਚ ਲਾਂਚ ਕੀਤਾ ਗਿਆ ਸੀ, ਨੂੰ ਬੰਦ ਕਰਵਾ ਦਿੱਤਾ ਹੈ।

ਇਸ ਸੰਬੰਧ ਵਿੱਚ ਹਰਿਆਣਾ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਗੁਰਪਤਵੰਤ ਪਨੂੰ ਨੂੰ ਭਾਰਤ ਵਿਰੁੱਧ ਅਮਰੀਕਾ ਤੋਂ ਆਟੋਮੇਟਿਡ ਫ਼ੋਨ ਕਾਲਜਲ ਦੇ ਰਾਹੀਂ ਵੱਖਵਾਦੀ ਮੁਹਿੰਮ ਚਲਾਉਣ ਅਤੇ ਦੇਸ਼ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ 'ਚ ਪਾਉਣ ਵਾਲੀਆਂ ਗ਼ੈਰ-ਕਾਨੂੰਨੀ ਹਰਕਤਾਂ 'ਚ ਸ਼ਾਮਲ ਪਾਇਆ ਗਿਆ ਹੈ। ਹਰਿਆਣਾ ਅਤੇ ਉਸ ਦੇ ਨਾਗਰਿਕਾਂ ਨੂੰ ਸਿੱਖਾਂ ਅਤੇ ਪੰਜਾਬੀਆਂ ਦੇ ਹਿੱਤਾਂ ਦਾ ਵਿਰੋਧੀ ਠਹਿਰਾਉਣ ਕਾਰਨ ਪੰਨੂੰ ਵਿਰੁੱਧ ਇੱਕ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਸ ਦੇ ਵਿਰੁੱਧ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1976 ਦੀ ਧਾਰਾ 10 (ਏ) ਅਤੇ 13 ਅਧੀਨ ਗੁਰੂਗ੍ਰਾਮ 'ਚ ਕੇਸ ਦਰਜ ਕੀਤਾ ਜਾ ਚੁਕਾ ਹੈ।

## ਸਸਪੈਂਡਿਡ ਡੀ ਐਸ ਪੀ ਉੱਤੇ ਪਾਕਿਸਤਾਨ ਲਈ ਜਾਸੂਸੀ ਕਰਨ ਦਾ ਦੋਸ਼ ਲੱਗਾ

* ਪਾਕਿਸਤਾਨੀ ਹਾਈ ਕਮਿਸ਼ਨ ਦੇ ਫੰਡਿੰਗ ਕਰਦੇ ਰਹੇ

ਜੰਮੂ, 12 ਜੁਲਾਈ (ਬਿਓਰੋ)— ਜੰਮੂ-ਕਸ਼ਮੀਰ ਪੁਲਸ ਦਾ ਸਸਪੈਂਡ ਹੋਇਆ ਡੀ ਐਸ ਪੀ ਦਵਿੰਦਰ ਸਿੰਘ ਨਵੀਂ ਦਿੱਲੀ ਵਿਚਲੇ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਖੁਫੀਆ ਜਾਣਕਾਰੀ ਦਿੰਦਾ ਹੁੰਦਾ ਸੀ।




ਇਸ ਕੇਸ ਦੀ ਜਾਂਚ ਕਰ ਰਹੀ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਦਵਿੰਦਰ ਸਿੰਘ ਦੇ ਸ਼ੋਸ਼ਲ ਮੀਡੀਆ ਅਕਾਊਂਟਸ ਦਾ ਪਾਸਵਰਡ ਤੋੜ ਦਿਤਾ ਅਤੇ ਪਤਾ ਲੱਗਾ ਹੈ ਕਿ ਸ਼ੋਸਲ ਮੀਡੀਆ ਅਕਾਊਂਟ ਫੋਲਣ ਨਾਲ ਇਸ ਬਾਰੇ ਕਾਫੀ ਸਬੂਤ ਮਿਲੇ ਹਨ ਕਿ ਦਵਿੰਦਰ ਪਾਕਿਸਤਾਨ ਦੀ ਖੁਫੀਆ ਏਜੰਸੀ ਲਈ ਜਾਸੂਸੀ ਕਰਦਾ ਹੁੰਦਾ ਸੀ।

ਜੰਮੂ ਜੇਲ੍ਹ ਵਿਚ ਬੰਦ ਦਵਿੰਦਰ ਸਿੰਘ ਦੇ ਖਿਲਾਫ ਪਿੱਛੇ ਜਿਹੇ ਐਨ ਆਈ ਏ ਨੇ ਦੋਸ਼ ਪੱਤਰ ਦਾਇਰ ਕੀਤਾ ਸੀ, ਜਿਸ ਵਿਚ ਅੱਤਵਾਦੀ ਸੰਗਠਨ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਸਈਦ ਨਵੀਦ ਮੁਸ਼ਤਾਕ, ਗਾਂਦਰਬਲ ਦੇ ਅੱਤਵਾਦੀ ਰਫੀ ਅਹਿਮਦ ਰਾਥਰ, ਓਵਰ ਗਰਾਊਂਡ ਵਰਕਰ ਇਰਫਾਨ ਸ਼ਫੀ ਮੀਰ ਉਰਫ ਐਡਵੋਕੇਟ, ਅੱਤਵਾਦੀ ਨਾਵੀਦ ਦੇ ਭਰਾ ਸਈਦ ਇਰਫਾਨ ਅਹਿਮਦ ਤੇ ਕੰਟਰੋਲ ਰੇਖਾ ਦੇ ਆਰ-ਪਾਰ ਕਾਰੋਬਾਰ ਕਰਨ ਵਾਲੇ ਤਨਵੀਰ ਅਹਿਮਦ ਦੇ ਨਾਮ ਸ਼ਾਮਲ ਹਨ। ਦੋਸ਼ ਪੱਤਰ ਅਨੁਸਾਰ ਪਾਕਿਸਤਾਨ ਹਾਈ ਕਮਿਸ਼ਨ ਵਿਚਲੇ ਅਧਿਕਾਰੀ ਕਸ਼ਮੀਰ ਵਿਚ ਹਿੰਸਾ ਭੜਕਾਉਣ ਲਈ ਸੈਮੀਨਾਰਾਂ ਵਾਸਤੇ ਫੰਡਿੰਗ ਕਰਦੇ ਸਨ, ਜਿਸ ਨਾਲ ਵੱਖਵਾਦੀਆਂ ਨੂੰ ਸ਼ਹਿ ਮਿਲਦੀ ਸੀ।

## ਤਹਿਰੀਕ-ਏ-ਹੁਰੀਅਤ ਦਾ ਮੁਖੀ ਪੀ ਐਸ ਏ ਹੇਠ ਗ੍ਰਿਫ਼ਤਾਰ

ਸ੍ਰੀਨਗਰ, 13 ਜੁਲਾਈ (ਪੋਸਟ ਬਿਊਰੋ)- ਤਹਿਰੀਕ-ਏ-ਹੁਰੀਅਤ ਦੇ ਚੇਅਰਮੈਨ ਮੁਹੰਮਦ ਅਸ਼ਰਫ ਸਹਰਾਈ ਨੂੰ ਕੱਲ੍ਹ ਬਾਗਾਤ ਬਰਜ਼ੁਲਾ, ਸ੍ਰੀਨਗਰ ਵਿਚਲੇ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਸਹਰਾਈ ਨੂੰ ਕੱਟੜਪੰਥੀ ਹੁਰੀਅਤ ਧੜੇ ਦਾ ਕਾਰਜਕਾਰੀ ਚੇਅਰਮੈਨ ਬਣਨ ਪਿੱਛੋਂ 26 ਵੱਖਵਾਦੀ ਸੰਗਠਨਾਂ ਦੇ ਗੱਠਜੋੜ ਤਹਿਰੀਕ-ਏ-ਹੁਰੀਅਤ ਦੀ ਮਜਲਿਸ ਸ਼ੂਰਾ (ਸਲਾਹਕਾਰ ਕਮੇਟੀ) ਨੇ 19 ਮਾਰਚ 2018 ਨੂੰ ਤਿੰਨ ਅਗਸਤ 2018 ਨੂੰ ਬਾਜ਼ਾਬਤਾ ਪਾਕਿ ਸਰਮਥਕ ਹੁਰੀਅਤ ਦਾ ਚੇਅਰਮੈਨ ਥਾਪ ਦਿੱਤਾ ਸੀ। ਜੰਮੂ ਕਸ਼ਮੀਰ ਪੁਲਸ ਦੇ ਡੀ ਜੀ ਪੀ ਦਿਲਬਾਗ ਸਿੰਘ ਨੇ ਸਹਰਾਈ ਨੂੰ ਜਨਤਕ ਸੁਰੱਖਿਆ ਐਕਟ (ਪੀ ਐਸ ਏ) ਹੇਠ ਗ੍ਰਿਫ਼ਤਾਰ



ਕਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸਹਰਾਈ ਤੋਂ ਇਲਾਵਾ ਜਮਾਤੇ ਇਸਲਾਮੀ ਦੇ ਇੱਕ ਦਰਜਨ ਨੇਤਾਵਾਂ ਨੂੰ ਦੇਸ਼ ਵਿਰੋਧੀ ਕਾਰਵਾਈਆਂ ਅਤੇ ਅਮਨ-ਸ਼ਾਂਤੀ ਭੰਗ ਹੋਣ ਦੇ ਖ਼ਤਰੇ ਦੇ ਕਾਰਨ ਉਕਤ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀ ਐਸ ਏ ਤਹਿਤ ਕਿਸੇ ਵੀ ਵਿਅਕਤੀ ਨੂੰ ਬਿਨਾਂ ਮੁਕੱਦਮੇ ਦੇ ਇੱਕ ਸਾਲ ਜੇਲ੍ਹ 'ਚ ਰੱਖਿਆ ਜਾ ਸਕਦਾ ਹੈ।

ਅਸ਼ਰਫ ਸਹਰਾਈ ਦਾ ਬੇਟਾ ਜੁਨੈਦ ਸਹਰਾਈ ਐਮ ਬੀ ਏ ਕਰਨ ਤੋਂ ਬਾਅਦ 2018 'ਚ ਹਿਜ਼ਬੁਲ ਮੁਜਾਹਦੀਨ 'ਚ ਸ਼ਾਮਲ ਹੋ ਗਿਆ ਸੀ ਅਤੇ ਮਈ ਵਿੱਚ ਸ੍ਰੀਨਗਰ ਦੇ ਨਵਾਕਦਲ ਇਲਾਕੇ 'ਚ ਦੋ ਹੋਰ ਅੱਤਵਾਦੀਆਂ ਸਮੇਤ ਮਾਰਿਆ ਗਿਆ ਸੀ। ਸਈਦ ਅਲੀ ਸ਼ਾਹ ਗਿਲਾਨੀ ਦੇ 2003 ਤੱਕ ਜਮਾਤ ਇਸਲਾਮੀ ਵਿੱਚ ਅਸਤੀਫ਼ਾ ਦੇਣ ਤੱਕ 1965 ਤੋਂ ਉਹ ਅਤੇ ਸਹਰਾਈ ਇਕੱਠੇ ਚਲਦੇ ਰਹੇ ਸਨ। ਤਹਿਰੀਕ-ਏ-ਹੁਰੀਅਤ ਦਾ ਧੜਾ ਮੀਰਵਾਈਜ਼ ਉਮਰ ਫਾਰੂਕ ਦੇ ਉਦਾਰਵਾਦੀ ਧੜੇ ਤੋਂ ਵੱਖਰਾ ਹੈ, ਜਿਹੜਾ ਕਸ਼ਮੀਰ 'ਚ ਹਿੰਸਾ ਸਮਾਪਤ ਕਰਨ ਲਈ ਭਾਰਤ ਨਾਲ ਗੱਲਬਾਤ ਕਰਨ ਦੇ ਪੱਖ 'ਚ ਹੈ।

## ਕੋਵਿਡ-19 ਦੇ ਬਾਵਜੂਦ ਜਰਮਨੀ ਦੀ ਸੀਜਵਰਕ ਭਾਰਤ, ਬੰਗਲਾ ਦੇਸ਼ ਵਿੱਚ ਆਪਣੀ ਯੋਜਨਾ 'ਤੇ ਕਾਇਮ

ਨਵੀਂ ਦਿੱਲੀ, 13 ਜੁਲਾਈ (ਪੋਸਟ ਬਿਊਰੋ)- ਪ੍ਰਿੰਟਿੰਗ ਸਿਆਹੀ ਬਣਾਉਣ ਵਾਲੀ ਜਰਮਨ ਕੰਪਨੀ ਸੀਜਵਰਕ ਨੇ ਕਿਹਾ ਹੈ ਕਿ ਕੋਵਿਡ-19 ਸੰਕਟ ਦੇ ਬਾਵਜੂਦ ਉਹ ਭਾਰਤ ਅਤੇ ਬੰਗਲਾ ਦੇਸ਼ ਵਿੱਚ ਆਪਣੀ ਵਿਸਥਾਰ ਯੋਜਨਾ 'ਤੇ ਕਾਇਮ ਹੈ। ਕੰਪਨੀ ਦੀ ਰਾਏ ਹੈ ਕਿ ਇਸ ਮਹਾਮਾਰੀ ਦੀ ਕਾਰਨ ਨਾਲ ਉਸਦੀ ਗਿਣਤੀ 10 ਪ੍ਰਤੀਸ਼ਤ ਪ੍ਰਭਾਵਿਤ ਹੋਵੇਗੀ।

ਸੀਜ ਵਰਕ ਇੰਡੀਆ ਵੱਲੋਂ ਟੈਟਰਾ ਪੈਕ ਸਹਿਤ ਦੇਸ਼ ਦੀ ਪ੍ਰਮੁੱਖ ਪੈਕੇਜਿੰਗ ਕੰਪਨੀਆਂ ਨੂੰ ਪ੍ਰਿੰਟਿੰਗ ਸਿਆਹੀ ਦੀ ਸਪਲਾਈ ਕੀਤੀ ਜਾਂਦੀ ਹੈ। ਕੰਪਨੀ ਨੇ ਕਿਹਾ ਹੈ ਕਿ ਉਹ ਚੀਨ ਤੋਂ ਇੰਪੋਰਟ ਘੱਟਾਉਣ ਦੇ ਲਈ ਭਾਰਤ ਤੋਂ ਕੱਚੇ ਮਾਲ ਦੀ ਖ਼ਰੀਦ ਵਧਾਏਗੀ। ਕੰਪਨੀ ਦੇ ਕੁਲ ਇੰਪੋਰਟ ਵਿੱਚ ਚੀਨ ਦਾ ਹਿੱਸਾ ਅਜੇ 30 ਤੋਂ 40 ਪ੍ਰਤੀਸ਼ਤ ਹੈ। ਸੀਜਵਰਕ ਇੰਡੀਆ ਦੇ ਪ੍ਰਧਾਨ ਨੇ ਕਿਹਾ, ''ਅਜੇ ਸਾਡੇ ਦੋ ਵੱਡੇ ਪ੍ਰਾਜੈਕਟ ਚੱਲ ਰਹੇ ਹਨ। ਇਨ੍ਹਾਂ ਵਿੱਚੋਂ ਇੱਕ ਭਾਰਤ ਅਤੇ ਦੂਸਰਾ ਬੰਗਲਾਦੇਸ਼ ਵਿੱਚ ਹੈ। ਅਸੀਂ ਪਿਛਲੇ ਸਾਲ ਬੰਗਲਾਦੇਸ਼ ਵਿੱਚ ਆਪਣੀ ਹਾਜ਼ਰੀ ਪਾਈ ਹੈ ਅਤੇ ਉਸ ਕਾਰਖਾਨੇ ਦਾ ਕੰਮ ਸ਼ੁਰੂ ਕੀਤਾ ਹੈ। ਦੂਸਰਾ ਪ੍ਰਾਜੈਕਟ



ਰਾਜਸਥਾਨ ਦੇ ਭਿਵਾੜੀ ਵਿੱਚ ਹੈ। ਉਥੇ ਅਸੀਂ ਆਪਣੀ ਉਤਪਾਦਨ ਸਮਰੱਥਾ ਦੇ ਕਰੀਬ 50 ਪ੍ਰਤੀਸ਼ਤ ਵਾਧੇ ਲਈ ਨਿਵੇਸ਼ ਕਰ ਰਹੇ ਹਨ।'' ਉਨ੍ਹਾਂ ਨੇ ਕਿਹਾ, ''ਦੋਵੇਂ ਪ੍ਰਾਜੈਕਟ ਅੱਗੇ ਵਧ ਰਹੇ ਹਨ। ਅਸੀਂ ਭਵਿੱਖ ਬਾਰੇ ਕਾਫੀ ਆਸਵੰਦ ਹਾਂ। ਅਸੀਂ ਇਨ੍ਹਾਂ ਪ੍ਰਾਜੈਕਟਾਂ ਤੋਂ ਹਟਾਂਗੇ ਨਹੀਂ।''

ਨਿਵੇਸ਼ ਬਾਰੇ ਉਨ੍ਹਾਂ ਨੇ ਕਿਹਾ ਕਿ ਦੋਨਾਂ ਪ੍ਰਾਜੈਕਟਾਂ ਵਿੱਚ ਕਰੀਬ 30 ਤੋਂ 40 ਲੱਖ ਯੂਰੋ ਖ਼ਰਚ ਕੀਤੇ ਜਾਣਗੇ।'' ਕੰਪਨੀ ਦੇ ਭਿਵਾੜੀ ਦੇ ਮੌਜੂਦਾ ਪਲਾਂਟ ਦੀ ਸਾਲਾਨਾ ਉਦਪਾਦਨ ਸਮਰੱਥਾ 20,000 ਟਨ ਸਿਆਹੀ ਦੀ ਹੈ। ਪਿਛਲੇ ਪੰਜ ਸਾਲ ਤੋਂ ਕੰਪਨੀ ਭਾਰਤ ਵਿੱਚ 10 ਪ੍ਰਤੀਸ਼ਤ ਤੋਂ ਜ਼ਿਆਦਾ ਦੀ ਦਰ ਤੋਂ ਵਧ ਰਹੀ ਹੈ। ਭਾਰਤ ਵਿੱਚ ਕੰਪਨੀ ਦਾ ਸਾਲਾਨਾ ਕਾਰੋਬਾਰ 10 ਕਰੋੜ ਡਾਲਰ ਤੋਂ ਘੱਟ ਹੈ।

## ਰਾਸ਼ਟਰਪਤੀ ਤੋਂ ਸਨਮਾਨਿਤ ਹੋਣ ਦੀ ਫਰਜ਼ੀ ਫੋਟੋ ਪੋਸਟ, ਫਰਾਡ ਵਿੱਚ ਜੇਲ੍ਹ ਗਿਆ

ਜੋਧਪੁਰ, 13 ਜੁਲਾਈ (ਪੋਸਟ ਬਿਊਰੋ)- ਰਾਜਸਥਾਨ ਦੇ ਜੋਧਪੁਰ ਦੇ ਰਹਿਣ ਵਾਲੇ 20 ਸਾਲ ਦੇ ਇੱਕ ਲੜਕੇ 'ਤੇ ਫੇਮਸ ਹੋਣ ਦਾ ਭੂਤ ਸਵਾਰ ਹੋਇਆ ਤਾਂ ਉਸ ਨੇ ਰਾਸ਼ਟਰਪਤੀ ਦੀ ਫੋਟੋ ਨਾਲ ਛੇੜਛਾੜ ਕਰ ਕੇ ਉਸ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰ ਦਿੱਤਾ। ਉਸ ਨੇ ਫੋਟੋ ਐਡਿਟ ਕਰ ਕੇ ਖੁਦ ਨੂੰ ਰਾਸ਼ਟਰਪਤੀ ਦੇ ਹੱਥੋਂ ਸਨਮਾਨਿਤ ਕਰਵਾ ਲਿਆ ਤਾਂ ਵਧਾਈ ਦੇ ਸੰਦੇਸ਼ ਮਿਲਣ ਲੱਗੇ। ਅਖਬਾਰਾਂ ਵਿੱਚ ਖਬਰ ਵੀ ਛਪ ਗਈ, ਪਰ ਇਹ ਜ਼ਿਆਦਾ ਦੇਰ ਨਹੀਂ ਚੱਲਿਆ। ਦੋ ਦਿਨ ਬਾਅਦ ਹੀ ਸਾਈਬਰ ਫਰਾਂਡ ਦੇ ਕੇਸ ਵਿੱਚ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ।

ਜੋਧਪੁਰ ਦੇ ਤਿੰਵਰੀ ਇਲਾਕੇ ਵਿੱਚ ਰਹਿਣ ਵਾਲੇ ਰਾਹੁਲ ਰਾਠੀ ਨੇ ਫੇਸਬੁਕ 'ਤੇ ਫੋਟੋ ਪੋਸਟ ਕੀਤੀ ਤਾਂ ਇਸ ਵਿੱਚ ਉਸ ਨੂੰ ਰਾਸ਼ਟਰਪਤੀ ਦੇ ਹੱਥੋਂ ਸਨਮਾਨ ਮਿਲਦਾ ਦਿਖਾਇਆ ਗਿਆ। ਇਸ ਨਾਲ ਪਿੰਡ ਦੇ ਲੋਕਾਂ ਦੇ ਮਨ ਵਿੱਚ ਰਾਹੁਲ ਦੀ ਇੱਜ਼ਤ ਵਧ ਗਈ। ਉਸ ਨੂੰ ਵਧਾਈ ਦੇਣ ਵਾਲਿਆਂ ਦੀ ਲਾਈਨ ਲੱਗ ਗਈ। ਇਸ ਦੌਰਾਨ ਪਿੰਡ ਦੇ ਕਿਸੇ ਵਿਅਕਤੀ ਨੂੰ ਇੰਟਰਨੈੱਟ 'ਤੇ ਉਹ ਫੋਟੋ ਮਿਲ ਗਈ, ਜਿਸ ਨੂੰ ਐਡਿਟ ਕਰ ਕੇ ਰਾਹੁਲ ਨੇ ਨਕਲੀ ਫੋਟੋ ਪੋਸਟ ਕੀਤੀ ਸੀ, ਉਸ ਨੇ ਪੁਲਸ ਨੂੰ ਇਸ ਦੀ ਸੂਚਨਾ ਦੇ ਦਿੱਤੀ। ਦੋਸ਼ੀ ਰਾਹੁਲ ਨੇ ਦਿੱਲੀ ਦੇ ਕਿਸੇ ਵਿਅਕਤੀ ਨੂੰ 200 ਰੁਪਏ ਪੇ ਟੀ ਐਮ ਕਰ ਕੇ ਪ੍ਰਸ਼ੰਸਾ ਪੱਤਰ ਤੇ ਫੋਟੋ ਐਡਿਟ ਕਰਾਈ ਸੀ। ਫੋਟੋ ਨਾਲ ਉਸ ਨੇ ਕੈਪਸ਼ਨ ਲਿਖਿਆ: ਭਾਰਤ ਦੇ ਮਹਾਮਹਿਮ ਰਾਸ਼ਟਰਪਤੀ ਮਹੋਦਯ ਦੇ ਕਰ ਕਮਲਾਂ ਨਾਲ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿੱਚ ਮੈਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਮੈਨੂੰ ਸਾਈਬਰ ਸੁਰੱਖਿਆ ਵਿੱਚ ਵਿਸ਼ੇਸ਼ ਯੋਗਦਾਨ ਲਈ ਮਿ-ਲਿਆ ਹੈ। ਮੇਰੇ ਜੀਵਨ ਵਿੱਚ ਇਹ ਪਲ ਨਾ ਭੁੱਲਣ ਵਾਲੇ ਹਨ।

## ਢਾਬੇ ਵਾਲੇ ਨੇ ਨਵ-ਵਿਆਹੁਤਾ ਨੂੰ ਗੋਲੀ ਮਾਰ ਕੇ ਮਾਰਿਆ, ਫਿਰ ਕਰ ਲਈ ਖ਼ੁਦਕੁਸ਼ੀ

ਪਟੌਦੀ, 13 ਜੁਲਾਈ (ਪੋਸਟ ਬਿਊਰੋ)- ਹਰਿਆਣਾ ਦੇ ਪਟੌਦੀ ਕਸਬੇ ਦੇ ਨਾਨੂਕਲਾਂ ਪਿੰਡ ਵਿੱਚ ਕੱਲ੍ਹ ਸਵੇਰੇ ਇੱਕ ਢਾਬਾ ਮਾਲਕ ਨੇ ਨਵ ਵਿਆਹੁਤਾ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਬਾਅਦ ਖ਼ੁਦ ਨੂੰ ਮੌਕੇ 'ਤੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਪੁਲਸ ਨੂੰ ਮੌਕੇ ਤੋਂ ਦੇਸੀ ਪਿਸਤੌਲ ਬਰਾਮਦ ਹੋਇਆ ਹੈ।


ਸ਼ੁਰੂਆਤੀ ਜਾਂਚ ਵਿੱਚ ਪੁਲਸ ਨੂੰ ਪ੍ਰੇਮ-ਪ੍ਰਸੰਗ ਦੀ ਗੱਲ ਪਤਾ ਲੱਗੀ ਹੈ। ਪੁਲਸ ਅਤੇ ਫੋਰੈਂਸਿਕ ਮਾਹਰ ਦੀ ਜਾਂਚ ਦੇ ਬਾਅਦ ਪਟੌਦੀ ਥਾਣਾ ਪੁਲਸ ਨੇ ਮ੍ਰਿਤਕ ਰਾਜੇਸ਼ ਰਾਜਪੂਤ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਬੀਰ ਸਿੰਘ ਏ ਸੀ ਪੀ ਪਟੌਦੀ ਨੇ ਦੱਸਿਆ ਹੈ ਕਿ ਨਾਨੂਕਲਾਂ ਪਿੰਡ ਵਿੱਚ ਕੱਲ੍ਹ ਸਵੇਰੇ ਰਾਜੇਸ਼ ਦੇ ਢਾਬੇ ਦਾ ਗੇਟ ਖੁੱਲ੍ਹਾ ਹੋਇਆ ਸੀ। ਸਥਾਨਕ ਲੋਕਾਂ ਨੇ ਜਦ ਅੰਦਰ ਜਾ ਕੇ ਦੇਖਿਆ ਤਾਂ ਰਾਜੇਸ਼ ਅਤੇ ਇੱਕ ਔਰਤ ਦੀ ਲਾਸ਼ ਖ਼ੂਨ ਨਾਲ ਲਥਪਥ ਪਈ ਸੀ। ਦੋਵਾਂ ਨੂੰ ਗੋਲੀ ਲੱਗੀ ਹੋਈ ਸੀ। ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਦੇ ਉਚ ਅਧਿਕਾਰੀ, ਡਾਗ ਸਕਵਾਡ ਅਤੇ ਫੋਰੈਂਸਿਕ ਮਾਹਰ ਮੌਕੇ 'ਤੇ ਛਾਣਬੀਣ ਲਈ ਪਹੁੰਚੇ। ਪੁਲਸ ਦੋਵਾਂ ਪਰਵਾਰਾਂ ਦੇ ਲੋਕਾਂ ਤੋਂ ਪੁੱਛਗਿੱਛ ਕਰ ਰਹੀ ਹੈ।

## ਵਰਵਰਾ ਰਾਓ ਦੀ ਹਾਲਤ ਚਿੰਤਾਜਨਕ, ਸਰਕਾਰ ਤੋਂ ਇਲਾਜ ਲਈ ਮਦਦ ਦੀ ਮੰਗ

ਮੁੰਬਈ, 13 ਜੁਲਾਈ (ਪੋਸਟ ਬਿਊਰੋ)- ਬਹੁ-ਚਰਚਿਤ ਸਮਾਜਕ ਕਾਰਕੁਨ ਵਰਵਰਾ ਰਾਓ ਦੇ ਪਰਵਾਰ ਨੇ ਦੱਸਿਆ ਹੈ ਕਿ ਉਸ ਦੀ ਹਾਲਤ ਵਿਗੜ ਰਹੀ ਹੈ ਅਤੇ ਉਹ ਬੇਸੁਰਤ ਹੈ। ਪਰਵਾਰ ਨੇ ਇਸ ਦੌਰਾਨ ਪ੍ਰਸ਼ਾਸਨ ਤੋਂ ਵਰਵਰਾ ਰਾਓ ਨੂੰ ਵਧੀਆ ਮੈਡੀਕਲ ਸਹੂਲਤ ਹਾਸਲ ਕਰਵਾਉਣ ਦੀ ਮੰਗ ਕੀਤੀ ਹੈ। ਐਲਗਾਰ ਪ੍ਰੀਸ਼ਦ ਕੇਸ ਵਿੱਚ ਦੋਸ਼ੀ ਵਰਵਰਾ ਰਾਓ (81) ਇਸ ਸਮੇਂ ਨਵੀਂ ਮੁੰਬਈ ਟਾਊਨਸ਼ਿਪ (ਮਹਾਰਾਸ਼ਟਰ) ਦੀ ਤਾਲੋਜੀ ਜੇਲ੍ਹ ਵਿੱਚ ਬੰਦ ਹਨ।

ਰਾਓ ਦੀ ਪਤਨੀ, ਪੁੱਤਰੀ ਅਤੇ ਹੋਰ ਪਰਵਾਰਕ ਮੈਂਬਰਾਂ ਨੇ ਕੱਲ੍ਹ ਆਨਲਾਈਨ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਉਹ ਵਰਵਰਾ ਰਾਓ ਦੀ ਵਿਗੜ ਰਹੀ ਸਿਹਤ ਬਾਰੇ ਚਿੰਤਤ ਹਨ। ਪਰਵਾਰ ਨੇ ਦਾਅਵਾ ਕੀਤਾ ਹੈ ਕਿ ਰਾਓ ਨੂੰ ਬੇਹੋਸ਼ੀ ਦੀ ਹਾਲਤ ਵਿੱਚ 28 ਮਈ ਨੂੰ ਮੁੰਬਈ ਦੇ ਜੇ ਜੇ ਹਸਪਤਾਲ ਲਿਜਾਏ ਜਾਣ ਦੇ ਸਮੇਂ ਤੋਂ ਉਨ੍ਹਾਂ ਦੀ ਹਾਲਤ ਵਿਗੜ ਰਹੀ ਹੈ। ਤਿੰਨ ਦਿਨ ਬਾਅਦ ਉਨ੍ਹਾਂ ਨੂੰ ਉਥੋਂ ਛੁੱਟੀ ਦੇ ਕੇ ਵਾਪਸ ਜੇਲ੍ਹ ਭੇਜ ਦਿੱਤਾ ਗਿਆ, ਪਰ ਉਨ੍ਹਾਂ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੋਇਆ।

ਵਰਵਰਾ ਰਾਓ ਦੀ ਪਤਨੀ ਨੇ ਕਿਹਾ ਕਿ ਪੁਲਸ ਵੱਲੋਂ ਪਰਵਾਰ ਨੂੰ ਰੋਜ਼ ਕਰਵਾਈ ਜਾਂਦੀ ਫੋਨ ਕਾਲ ਵਿੱਚ ਉਨ੍ਹਾਂ ਦੀ ਆਵਾਜ਼ ਕਾਫੀ ਕਮਜ਼ੋਰ ਤੇ ਅਸਪੱਸ਼ਟ ਸੀ ਅਤੇ ਉਨ੍ਹਾਂ ਤੋਂ ਠੀਕ ਤਰ੍ਹਾਂ ਬੋਲਿਆ ਨਹੀਂ ਜਾ ਰਿਹਾ ਸੀ, ਜਿਸ ਬਾਰੇ ਉਹ ਚਿੰਤਤ ਹਨ ਅਤੇ ਉਹ ਬੇਸੁਰਤੀ ਦੀ ਹਾਲਤ ਵਿੱਚ ਜਾਪਦੇ ਹਨ ਤੇ ਉਨ੍ਹਾਂ ਨੇ ਸ਼ਨੀਵਾਰ ਨੂੰ ਸਿਹਤ ਸੰਬੰਧੀ ਪੁੱਛੇ ਕੁਝ ਸਵਾਲਾਂ ਦੇ ਵੀ ਜਵਾਬ ਨਹੀਂ ਦਿੱਤੇ। ਸਰੀਰ 'ਚ ਇਲੈਕਟ੍ਰੋਲਾਈਟ ਅਸੰਤੁਲਨ ਕਾਰਨ ਉਨ੍ਹਾਂ ਦੀ ਯਾਦਾਸ਼ਤ ਜਾਣ ਦਾ ਖਤਰਾ ਵੀ ਹੋ ਸਕਦਾ ਹੈ। ਪਰਵਾਰ ਨੇ ਦਾਅਵਾ ਕੀਤਾ ਕਿ ਰਾਓ ਦੇ ਨਾਲ ਸਹਿ ਦੋਸ਼ੀ ਇੱਕ ਕਾਰਕੁਨ ਨੇ ਦੱਸਿਆ ਹੈ ਕਿ ਉਹ ਖੁਦ ਚੱਲਣ ਫਿਰਨ ਤੋਂ ਅਸਮਰਥ ਹੈ। ਰਾਓ ਦੀ ਪਤਨੀ ਨੇ ਕਿਹਾ ਕਿ ਉਨ੍ਹਾਂ ਦੀ ਜਾਨ ਬਚਾਉਣ ਲਈ ਉਨ੍ਹਾਂ ਨੂੰ ਹਸਪਤਾਲ



ਵਿੱਚ ਚੰਗੇ ਇਲਾਜ ਦੀ ਲੋੜ ਹੈ। ਪਰਵਾਰ ਨੇ ਕਿਹਾ ਕਿ ਮੌਜੂਦਾ ਹਾਲਤ ਮੁਤਾਬਕ ਰਾਓ ਖਿਲਾਫ ਦਰਜ ਕੇਸ ਵਿੱਚ ਸਾਰੇ ਤੱਥਾਂ ਨੂੰ ਪਾਸੇ ਰੱਖਿਆ ਜਾਵੇ। ਉਨ੍ਹਾਂ ਦੀ ਪਤਨੀ ਮੁਤਾਬਕ ਉਨ੍ਹਾਂ ਦੀ ਜ਼ਿੰਦਗੀ ਸਾਡੇ ਲਈ ਸਭ ਤੋਂ ਵੱਡੀ ਚਿੰਤਾ ਦੀ ਗੱਲ ਹੈ। ਸਾਡੀ ਸਰਕਾਰ ਤੋਂ ਮੰਗ ਹੈ ਕਿ ਉਨ੍ਹਾਂ ਨੂੰ ਇਲਾਜ ਲਈ ਚੰਗੇ ਹਸਪਤਾਲ ਵਿੱਚ ਲਿਜਾਇਆ ਜਾਵੇ।

ਵਰਵਰਾ ਰਾਓ 22 ਮਹੀਨਿਆਂ ਤੋਂ ਜੇਲ੍ਹ ਵਿੱਚ ਹਨ। ਉਨ੍ਹਾਂ ਵੱਲੋਂ ਦਾਖਲ ਜ਼ਮਾਨਤ ਅਰਜ਼ੀਆਂ, ਜਿਨ੍ਹਾਂ ਵਿੱਚ ਉਨ੍ਹਾਂ ਦੀ ਉਮਰ ਅਤੇ ਬਿਮਾਰ ਹਾਲਤ ਵਿੱਚ ਕੋਰੋਨਾ ਲਾਗ ਦੇ ਖਤਰੇ ਦਾ ਹਵਾਲਾ ਦੇ ਕੇ ਦਿੱਤੀਆਂ ਅਰਜ਼ੀਆਂ ਵੀ ਸ਼ਾਮਲ ਹਨ, ਕਈ ਵਾਰ ਰੱਦ ਹੋ ਚੁੱਕੀਆਂ ਹਨ। ਰਾਓ ਦੀ ਪਤਨੀ ਨੇ ਕਿਹਾ, ਅਸੀਂ ਸਰਕਾਰ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਉਸ ਕੋਲ ਕਿਸੇ ਵੀ ਵਿਅਕਤੀ ਨੂੰ 'ਜਿਊਣ ਦੇ ਅਧਿਕਾਰ' ਤੋਂ ਨਾਂਹ ਕਰਨ ਦਾ ਅਧਿਕਾਰ ਨਹੀਂ ਹੈ, ਭਾਵੇਂ ਉਹ ਇੱਕ ਸੁਣਵਾਈ ਅਧੀਨ ਮਾਮਲੇ ਵਿੱਚ ਕੈਦੀ ਹੋਵੇ।

ਇਸ ਦੌਰਾਨ ਮੁੰਬਈ ਦੀ ਇੱਕ ਵਿਸ਼ੇਸ਼ ਅਦਾਲਤ ਨੇ ਕੱਲ੍ਹ ਐਲਗਾਰ ਪ੍ਰੀਸ਼ਦ ਕੇਸ ਦੇ ਦੋਸ਼ੀ ਤੇ ਸਮਾਜਕ ਕਾਰਕੁਨ ਗੌਤਮ ਨਵਲੱਖਾ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਨਵਲੱਖਾ ਨੇ ਇਹ ਦਾਅਵਾ ਕਰਦਿਆਂ ਕਿ ਉਹ ਨੱਬੇ ਤੋਂ ਵੱਧ ਦਿਨਾਂ ਤੋਂ ਹਿਰਾਸਤ ਵਿੱਚ ਹੈ, ਕਾਨੂੰਨ ਦੀ ਧਾਰਾ 167 ਹੇਠ ਜ਼ਮਾਨਤ ਮੰਗੀ ਸੀ। ਨਵੀਂ ਮੁੰਬਈ ਦੀ ਤਾਲੋਜਾ ਜੇਲ੍ਹ ਵਿੱਚ ਬੰਦ ਨਵਲੱਖਾ ਨੇ ਇਸ ਸਾਲ 14 ਅਪ੍ਰੈਲ ਨੂੰ ਕੌਮੀ ਜਾਂਚ ਏਜੰਸੀ ਅੱਗੇ ਆਤਮ ਸਮਰਪਣ ਕੀਤਾ ਸੀ। ਸਾਲ 2018 ਵਿੱਚ 29 ਅਗਸਤ ਤੋਂ ਪਹਿਲੀ ਅਕਤੂਬਰ ਵਿਚਾਲੇ ਨਵਲੱਖਾ ਨੂੰ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ ਸੀ। ਨਵਲੱਖਾ ਦੀ ਜ਼ਮਾਨਤ ਲਈ ਉਸ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਜਾਂਚ ਏਜੰਸੀ ਦੀ ਹਿਰਾਸਤ ਵਿੱਚ ਰਹਿਣ ਦੇ ਸਮੇਂ ਨੂੰ ਧਿਆਨ ਵਿੱਚ ਰੱਖ ਕੇ ਨਵਲੱਖਾ ਨੂੰ ਘਰ ਵਿੱਚ ਨਜ਼ਰਬੰਦ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਾਂਚ ਏਜੰਸੀ ਵੱਲੋਂ ਨੱਬੇ ਦਿਨਾਂ ਵਿੱਚ ਦੋਸ਼ ਪੱਤਰ ਨਹੀਂ ਦਾਇਰ ਕੀਤਾ ਜਾ ਸਕਿਆ।

ਜਾਂਚ ਏਜੰਸੀ ਵੱਲੋਂ ਪੇਸ਼ ਹੋਏ ਭਾਰਤ ਦੇ ਐਡੀਸ਼ਨਲ ਸਾਲੀਸਿਟਰ ਜਨਰਲ ਅਨਿਲ ਸਿੰਘ ਨੇ ਕਿਹਾ ਕਿ ਜ਼ਮਾਨਤ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੀਆਂ ਹਦਾਇਤਾਂ ਮੁਤਾਬਕ ਸੀ ਆਰ ਪੀ ਸੀ ਦੀ ਧਾਰਾ 167 ਹੇਠ ਘਰ ਵਿੱਚ ਨਜ਼ਰਬੰਦੀ ਨੂੰ ਹਿਰਾਸਤ ਨਹੀਂ ਕਿਹਾ ਜਾ ਸਕਦਾ। ਇਸ 'ਤੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਨਵਲੱਖਾ ਦੀ ਜ਼ਮਾਨਤ ਅਰਜ਼ੀ ਨਾਮਨਜ਼ੂਰ ਕਰ ਦਿੱਤੀ।

## ਸੜਕ ਉੱਤੇ ਜਨਮ ਦਿਨ ਦਾ ਕੇਕ ਕੱਟਦੇ ਨੂੰ ਪੁਲਸ ਨੇ ਆ ਨੱਪਿਆ

* 20 ਜਣਿਆਂ ਦੇ ਖਿਲਾਫ ਕੇਸ ਦਰਜ

ਲੁਧਿਆਣਾ, 12 ਜੁਲਾਈ (ਬਿਓਰੋ)- ਹਾਲੇ ਤੱਕ ਲੋਕ ਘਰ ਬੈਠੇ-ਬੈਠੇ ਅੱਕ ਗਏ ਹਨ, ਪਰ ਨਿਯਮਾਂ ਦੀ ਪਾਲਣਾ ਕਰਦੇ ਹਨ, ਪਰ ਕਈ ਅਜਿਹੇ ਵੀ ਹਨ, ਜੋ ਕਾਨੂੰਨ ਨੂੰ ਟਿਚਰ ਕਰਨਾ ਸ਼ੁਗਲ ਸਮਝਦੇ ਹਨ।

ਕੱਲ੍ਹ ਇਥੋਂ ਦੀ ਕਾਲੋਨੀ ਹਰਗੋਬਿੰਦ ਨਗਰ ਵਿਚਲੇ ਮਹਾਰਾਜ ਬੈਂਡ ਨੇੜੇ ਸੜਕ ਉਪਰ ਅਕਾਸ਼ ਸੋਨੀ ਉਰਫ ਨੰਨਾ ਨਾਮ ਦਾ ਨੌਜਵਾਨ ਆਪਣਾ ਜਨਮ ਦਿਨ ਮਨਾਉਣ ਲਈ ਅੜ ਗਿਆ। ਆਪਣੇ ਦੋਸਤ-ਮਿੱਤਰ ਵੀ ਸੱਦ ਲਏ ਸਨ ਪਰ ਕੇਕ ਕੱਟਣ ਮੌਕੇ ਪੁਲਸ ਵਾਲੇ ਪੁੱਜ ਗਏ। ਦੋਸਤ ਅਤੇ ਹੋਰ ਸਭ ਰਿਸ਼ਤੇਦਾਰ ਤਾਂ ਭੱਜ ਗਏ ਪਰ ਨੰਨਾ ਕਾਬੂ ਆ ਗਿਆ।

ਮਿਲੀ ਜਾਣਕਾਰੀ ਅਨੁਸਾਰ ਨੰਨੇ ਦਾ



ਐਤਵਾਰ ਨੂੰ ਜਨਮ ਦਿਨ ਸੀ, ਆਪਣੀ ਰਿਹਾਇਸ਼ ਦੇ ਨੇੜੇ ਸੜਕ ਵਿਚਾਲੇ ਗੱਡੀ ਖੜੀ ਕਰਕੇ ਜਦੋਂ ਉਸ ਨੇ ਜਨਮ ਦਿਨ ਦਾ ਜਸ਼ਨ ਮਨਾਉਣਾ ਸ਼ੁਰੂ ਕੀਤਾ ਤਾਂ ਕੋਲੋਂ ਲੰਘਦੇ ਪੀ ਸੀ ਆਰ ਮੁਲਾਜ਼ਮਾਂ ਨੇ ਪਹਿਲਾਂ ਰੋਕਿਆ ਤੇ ਆਪੋ ਆਪਣੇ ਘਰਾਂ ਨੂੰ ਜਾਣ ਲਈ ਕਿਹਾ, ਪਰ ਮੱਛਰੀ ਹੋਈ ਮੁੰਡੀਰ ਨੇ ਜਦੋਂ ਪ੍ਰਸ਼ਾਸ਼ਨ ਨੂੰ ਹੀ ਬੁਰਾ-ਭਲਾ ਕਹਿਣਾ ਸ਼ੁਰੂ ਕੀਤਾ ਤਾਂ ਪੁਲਸ ਹੋਰ ਆ ਗਈ। ਮੌਕਾ ਦੇਖ ਕੇ ਬਾਕੀ ਸਾਰੇ ਦੌੜ ਗਏ ਪਰ ਜਦੋਂ ਨੰਨਾ ਦੌੜਨ ਲੱਗਾ ਤਾਂ ਕਾਬੂ ਆ ਗਿਆ। ਉਸ ਨੂੰ ਕੇਕ ਸਮੇਤ ਥਾਣੇ ਲਿਆਂਦਾ ਗਿਆ। ਮੌਕੇ ਤੋਂ 4 ਮੋਟਰ ਸਾਈਕਲਾਂ ਜਬਤ ਕੀਤੀਆਂ ਗਈਆਂ। ਜਿਸ ਕਾਰ ਨੂੰ ਸੜਕ ਵਿਚਾਲੇ ਖੜੀ ਕਰਕੇ ਕੇਕ ਕੱਟਿਆ ਜਾ ਰਿਹਾ ਸੀ ਤੇ ਦੁਆਲੇ ਬੈਠ ਕੇ ਸ਼ਰਾਬ ਦਾ ਦੌਰ ਚਲ ਰਿਹਾ ਸੀ ਉਸ ਕਾਰ ਨੂੰ ਪੁਲਸ ਨੇ ਸਿਆਸੀ ਦਬਾਅ ਹੇਠ ਛੱਡ ਦਿਤਾ ਦੱਸਿਆ ਜਾਧਾ ਹੈ। ਇਹ ਵੀ ਪਤਾ ਲੱਗਾ ਹੈ ਕਿ ਨੰਨੇ ਨੇ ਪਿਛਲੇ ਸਾਲ ਵੀ ਸੜਕ ਵਿਚਾਲੇ ਏਦਾਂ ਹੀ ਜਨਮ ਦਿਨ ਮਨਾਇਆ ਸੀ ਤੇ ਹਵਾਈ ਫਾਇਰ ਕੀਤੇ ਸਨ।

## ਜ਼ਮੀਨੀ ਝਗੜੇ ਵਿੱਚ ਭਰਾ ਨੇ ਭੈਣ ਦੇ ਸਿਰ ਵਿੱਚ ਗੋਲੀ ਮਾਰੀ

ਗੋਰਾਇਆ, 13 ਜੁਲਾਈ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਰੁੜਕਾ ਕਲਾਂ ਵਿੱਚ ਛੋਟੇ ਭਰਾ ਨੇ ਆਪਣੀ ਸਕੀ ਭੈਣ ਦੇ ਸਿਰ 'ਤੇ ਗੋਲੀ ਮਾਰ ਕੇ ਉਸ ਨੂੰ ਮਾਰ ਦਿੱਤਾ ਅਤੇ ਖੁਦ ਮੌਕੇ ਤੋਂ ਫਰਾਰ ਹੋ ਗਿਆ।

ਮ੍ਰਿਤਕ ਪ੍ਰਦੀਪ ਕੌਰ (28) ਦੇ ਪਿਤਾ ਗੁਰਪਾਲ ਸਿੰਘ ਵਾਸੀ ਪੱਤੀ ਰਾਵਲ ਕੀ, ਰੁੜਕਾ ਕਲਾਂ ਨੇ ਦੱਸਿਆ ਕਿ ਉਸ ਦੀ ਲੜਕੀ ਦਾ ਪਿੰਡ ਭਾਰੂਵਾਲ ਦੇ ਮੱਖਣ ਸਿੰਘ ਪੁੱਤਰ ਸ਼ਿੰਦਰ ਨਾਲ ਵਿਆਹ ਹੋਇਆ ਸੀ, ਉਸ ਦੇ ਸਹੁਰਿਆਂ ਨਾਲ ਕੁਝ ਝਗੜੇ ਕਾਰਨ ਉਹ ਕਰੀਬ ਤਿੰਨ ਸਾਲਾਂ ਤੋਂ ਪੇਕੇ ਰਹਿ ਰਹੀ ਸੀ। ਕੱਲ੍ਹ ਰਾਤ ਉਹ ਖਾਣਾ ਖਾਣ ਦੇ ਬਾਅਦ ਹੇਠਲੇ ਕਮਰੇ ਵਿੱਚ ਸੌਂ ਗਏ ਅਤੇ ਉਸ ਦਾ ਲੜਕਾ ਰੇਸ਼ਮ ਲਾਲ (20) ਉਪਰਲੇ ਕਮਰੇ ਵਿੱਚ ਸੌਂ ਗਿਆ। ਸਵੇਰੇ ਤਿੰਨ ਵਜੇ ਦੇ ਕਰੀਬ ਆਈ ਹਨੇਰੀ ਕਾਰਨ ਰੇਸ਼ਮ ਵੀ ਹੇਠਾਂ ਆ ਗਿਆ। ਇਸ ਤੋਂ ਬਾਅਦ ਕਰੀਬ ਚਾਰ ਵਜੇ ਉਸ ਦੇ ਲੜਕੇ ਰੇਸ਼ਮ ਲਾਲ ਨੇ ਆਪਣੀ ਭੈਣ ਪ੍ਰਦੀਪ ਕੌਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਖੁਦ ਫਰਾਰ ਹੋ ਗਿਆ।

ਘਟਨਾ ਵਾਲੀ ਥਾਂ 'ਤੇ ਪੁਲਸ ਨਾਲ ਪਹੁੰਚੇ ਗੋਰਾਇਆ ਥਾਣਾ ਦੇ ਮੁਖੀ ਕੇਵਲ ਸਿੰਘ ਨੇ ਦੱਸਿਆ ਕਿ ਰੇਸ਼ਮ ਆਪਣੇ ਇੱਕ ਭਰਾ ਗੁਰਦੀਪ ਸਿੰਘ ਦੇ



ਨਾਲ ਪਿੰਡ ਸੀਲੋਂ (ਡੇਹਲੋਂ, ਲੁਧਿਆਣਾ) ਵਿੱਚ ਰਹਿੰਦਾ ਸੀ ਅਤੇ ਚਾਰ ਦਿਨ ਪਹਿਲਾਂ ਪਿੰਡ ਰੁੜਕਾ ਕਲਾਂ ਆਇਆ ਸੀ। ਰੇਸ਼ਮ ਲਾਲ ਆਪਣੇ ਪਿਤਾ ਗੁਰਪਾਲ ਸਿੰਘ ਤੋਂ ਕੋਠੀ ਵਿੱਚ ਆਪਣਾ ਹਿੱਸਾ ਮੰਗਦਾ ਰਹਿੰਦਾ ਸੀ, ਇਸੇ ਕਾਰਨ ਭੈਣ ਪ੍ਰਦੀਪ ਕੌਰ ਨਾਲ ਝਗੜਾ ਰਹਿੰਦਾ ਸੀ ਤੇ ਇਸੇ ਕਾਰਨ ਦੋਵੇਂ ਭਰਾ ਸੀਹਲੋਂ ਵਿੱਚ ਰਹਿੰਦੇ ਸਨ ਅਤੇ ਇੱਕ ਬੇਟਾ ਨਾਰਾਇਣ ਸਿੰਘ ਅਤੇ ਬੇਟੀ ਪ੍ਰਦੀਪ ਕੌਰ ਰੁੜਕਾ ਕਲਾਂ ਵਿੱਚ ਉਨ੍ਹਾਂ ਨਾਲ ਰਹਿੰਦੇ ਸਨ। ਕੁਝ ਦਿਨ ਪਹਿਲਾਂ ਹੀ ਰੇਸ਼ਮ ਘਰ ਆਇਆ ਸੀ ਅਤੇ ਕੱਲ੍ਹ ਸਵੇਰੇ ਉਸ ਨੇ ਆਪਣੀ ਭੈਣ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਜਿਸ ਹਥਿਆਰ 'ਚੋਂ ਗੋਲੀ ਚਲਾਈ ਗਈ, ਉਹ ਲਾਇਸੈਂਸੀ ਸੀ ਜਾਂ ਨਹੀਂ, ਇਹ ਰੇਸ਼ਮ ਦੀ ਗ੍ਰਿਫਤਾਰੀ ਦੇ ਬਾਅਦ ਪਤਾ ਲੱਗੇਗਾ, ਫਿਲਹਾਲ ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਕਾਤਲ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਤੇਜ਼ ਤੂਫਾਨ ਤੇ ਮੀਂਹ ਨਾਲ ਘਰ ਦੀ ਛੱਤ ਡਿੱਗੀ, ਨਵ ਵਿਆਹੇ ਜੋੜੇ ਦੀ ਮੌਤ

ਅੰਮ੍ਰਿਤਸਰ, 13 ਜੁਲਾਈ (ਪੋਸਟ ਬਿਊਰੋ)- ਕੱਲ੍ਹ ਰਾਤ ਅੰਮ੍ਰਿਤਸਰ ਵਿੱਚ ਤੇਜ਼ ਤੂਫਾਨ ਤੇ ਮੀਂਹ ਕਾਰਨ ਢੈਪਈ ਇਲਾਕੇ ਵਿੱਚ ਇੱਕ ਘਰ ਦੀ ਛੱਤ ਡਿੱਗ ਗਈ, ਜਿਸ ਦੇ ਹੇਠਾਂ ਪਤੀ-ਪਤਨੀ ਸੁੱਤੇ ਸਨ, ਦੋਵਾਂ ਦੀ ਮਲਬੇ ਹੇਠਾਂ ਦੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਨਵ ਵਿਆਹੁਤਾ ਤਿੰਨ ਮਹੀਨੇ ਦੀ ਗਰਭਵਤੀ ਸੀ।

ਮਿਲੀ ਜਾਣਕਾਰੀ ਅਨੁਸਾਰ ਰਾਤ 11.30 ਵਜੇ ਤੇਜ਼ ਆਏ ਤੂਫਾਨ ਦੇ ਨਾਲ ਹੀ ਮੀਂਹ ਵੀ ਸ਼ੁਰੂ ਹੋ ਗਿਆ। ਢੈਪਈ ਇਲਾਕੇ ਦੀ ਗਲੀ ਲੋਹਾਰਾਂ ਵਾਲੀ ਵਿੱਚ ਰਹਿਣ ਵਾਲਾ ਨਵਾਂ ਵਿਆਹਿਆ ਜੋੜਾ ਰਵਿੰਦਰ ਸਿੰਘ ਅਤੇ ਹਰਪ੍ਰੀਤ ਕੌਰ ਆਪਣੇ ਕਮਰੇ ਵਿੱਚ ਸੁੱਤੇ ਸਨ। ਅਮਰਜੀਤ ਸਿੰਘ ਨੇ ਦੱਸਿਆ ਕਿ ਇਲਾਕੇ ਦੀ ਬਿਜਲੀ ਸਪਲਾਈ ਬੰਦ ਹੋ ਗਈ ਅਤੇ ਉਨ੍ਹਾਂ ਨੂੰ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ। ਜਦ ਉਹ ਆਪਣੇ ਕਮਰੇ 'ਚੋਂ ਨਿਕਲੇ ਤਾਂ ਦੇਖਿਆ ਕਿ ਜਿਸ ਕਮਰੇ ਵਿੱਚ ਉਨ੍ਹਾਂ ਦੀ ਨੂੰਹ ਤੇ ਬੇਟਾ ਸੁੱਤੇ ਸਨ, ਉਸ ਦੀ ਛੱਤ ਡਿੱਗ ਚੁੱਕੀ ਸੀ। ਉਨ੍ਹਾਂ ਨੇ ਲੋਕਾਂ ਦੀ ਮਦਦ ਨਾਲ ਅੱਧੇ ਘੰਟੇ ਵਿੱਚ ਉਨ੍ਹਾਂ ਦੇ ਨੂੰਹ ਪੁੱਤ ਨੂੰ ਮਲਬੇ 'ਚੋਂ ਬਾਹਰ ਕੱਢ ਲਿਆ, ਪਰ ਤਦ ਤੱਕ ਸਰੀਰ 'ਤੇ ਡੂੰਘੀਆਂ ਸੱਟਾਂ ਲੱਗਣ ਕਾਰਨ ਦੋਵਾਂ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਨੂੰਹ ਤਿੰਨ ਮਹੀਨੇ ਦੀ ਗਰਭਵਤੀ ਸੀ। ਸੱਤ ਮਹੀਨੇ ਪਹਿਲਾਂ ਹੀ ਉਨ੍ਹਾਂ ਦੇ ਬੇਟੇ ਦਾ ਵਿਆਹ ਹੋਇਆ ਸੀ। ਉਨ੍ਹਾਂ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਗੁਆਂਢੀਆਂ ਨੇ ਆਪਣੇ ਘਰ ਦੀ ਕੰਧ ਨੂੰ ਉਨ੍ਹਾਂ ਵੱਲ ਵੱਧ ਉਚੀ ਕਰ ਦਿੱਤੀ ਸੀ। ਉਨ੍ਹਾਂ ਨੇ ਇਸ ਦਾ ਵਿਰੋਧ ਵੀ ਕੀਤਾ ਸੀ, ਪਰ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਗਈ। ਇਹੀ ਕੰਧ ਉਨ੍ਹਾਂ ਦੇ ਨੂੰਹ ਅਤੇ ਪੁੱਤ ਲਈ ਕਾਲ ਬਣੀ ਹੈ। ਸੂਚਨਾ ਮਿਲਣ 'ਤੇ ਥਾਣਾ ਗੇਟ ਹਕੀਮਾਂ ਦੇ ਐੱਸ ਐੱਚ ਓ ਸੁਖਬੀਰ ਸਿੰਘ ਚੌਕੀ ਇੰਚਾਰਜ ਗੁਰਬਖਸ਼ ਨਗਰ ਰਾਜ ਕੁਮਾਰ ਪੁਲਸ ਟੀਮ ਦੇ ਨਾਲ ਮੌਕੇ 'ਤੇ ਪਹੁੰਚੇ। ਪੁਲਸ ਦਾ ਕਹਿਣਾ ਹੈ ਕਿ ਜਾਂਚ ਵਿੱਚ ਗੁਆਂਢੀਆਂ ਨੂੰ ਦੋਸ਼ੀ ਪਾਇਆ ਗਿਆ ਤਾਂ ਉਨ੍ਹਾਂ ਦੇ ਖਿਲਾਫ ਵੀ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

## ਸੀ ਬੀ ਐਮ ਸਾਫਟਵੇਅਰ ਨਾਲ ਗੈਂਗਸਟਰਾਂ ਨੂੰ ਹਵਾਲਾ ਰਾਸ਼ੀ ਪੁਚਾ ਰਹੇ ਹਨ ਬੁੱਕੀ !

ਜਲੰਧਰ, 13 ਜੁਲਾਈ (ਪੋਸਟ ਬਿਊਰੋ)- ਪਿਛਲੇ ਦਿਨੀਂ ਸ਼ਹਿਰ ਵਿੱਚ ਫੜੇ ਗਏ ਬੁਕੀਆਂ ਦੇ ਲੈਪਟਾਪ ਵਿੱਚ ਇੰਸਟਾਲ ਸੀ ਬੀ ਐਮ ਸਾਫਟਵੇਅਰ ਬਾਰੇ ਪੁਲਸ ਦੇ ਆਈ ਟੀ ਵਿੰਗ ਨੂੰ ਐਕਟਿਵ ਕਰ ਦਿੱਤਾ ਗਿਆ ਹੈ। ਇਸ ਕੇਸ ਬਾਰੇ ਪੁਲਸ ਦੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪੁਲਸ ਕਮਿਸ਼ਨਰੇਟ ਵੱਲੋਂ ਲਗਾਤਾਰ ਜੁਆਰੀਆਂ ਅਤੇ ਬੁਕੀਆਂ 'ਤੇ ਕਸੇ ਜਾ ਰਹੇ ਸ਼ਿਕੰਜੇ ਦੇ ਬਾਅਦ ਬੁਕੀਆਂ ਨੇ ਮੈਨਯੂਲ ਕੰਮ ਕਰਨਾ ਘੱਟ ਕਰ ਦਿੱਤਾ ਹੈ ਅਤੇ ਸਾਰਾ ਕੰਮ ਸੀ ਬੀ ਐਸ ਸਾਫਟਵੇਅਰ ਦੇ ਰਾਹੀਂ ਹੁੰਦਾ ਹੈ। ਇਹ ਜਾਣਕਾਰ ਦੱਸਦੇ ਹਨ ਕਿ ਇਸ ਸਟਾਫਵੇਅਰ ਦਾ ਇੱਕ ਵੱਡਾ ਪ੍ਰਯੋਗ ਬੁਕੀਜ਼ ਤੇ ਜੁਆਰੀਆਂ ਦੀ ਪੇਮੈਂਟਾਂ ਦੇ ਲੈਣ-ਦੇਣ ਦੇ ਨਾਲ ਹਵਾਲਾ ਰਾਸ਼ੀ ਦੀ ਪੈਡਲਿੰਗ ਲਈ ਹੋ ਰਿਹਾ ਹੈ। ਇਸ ਸਾਫਟਵੇਅਰ ਦੇ ਰਾਹੀਂ ਕਰੋੜਾਂ ਰੁਪਏ ਦੀ ਰਾਸ਼ੀ ਦੇਸ਼-ਵਿਦੇਸ਼ ਤੋਂ ਹਵਾਲਾ ਰਾਹੀਂ ਇਧਰ ਤੋਂ ਉਧਰ ਪਹੁੰਚਾਈ ਜਾਂਦੀ ਹੈ।

ਪਿਛਲੇ ਦਿਨੀਂ ਇਸ ਮਾਮਲੇ ਵਿੱਚ ਬੁਕੀਜ਼ ਤੋਂ ਮਿਲੇ ਲੈਪਟਾਪ ਦੀ ਅਸਲੀ ਬਾਰੀਕੀ ਹੋਰ ਅੱਗੇ ਜਾਂਚ ਕਰਨ 'ਤੇ ਸਾਹਮਣੇ ਆ ਸਕਦੀ ਹੈ, ਕਿਉਂਕਿ ਬੁਕੀਜ਼ ਵੱਲੋਂ ਵਰਤੇ ਜਾਂਦੇ ਸੀ ਬੀ ਐਮ ਸਾਫਟਵੇਅਰ ਦੇ ਜ਼ਰੀਏ ਹਵਾਲਾ ਦੀ ਰਾਸ਼ੀ ਗੈਂਗਸਟਰਾਂ ਤੱਕ ਵੀ ਪਹੁੰਚ ਰਹੀ ਹੈ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਇਸ ਬਾਰੇ ਪਿਛਲੇ ਦਿਨੀਂ ਫੜੇ ਗਏ ਬੁਕੀਜ ਦੇ ਕੇਸ ਦੀ ਜਾਂਚ ਕਰਨ ਵਾਲੇ ਅਧਿਕਾਰੀਆਂ ਨੂੰ ਵੀ ਇਸ ਸਟਾਫਵੇਅਰ ਦਾ ਪਤਾ ਲਾਉਣ ਨੂੰ ਕਿਹਾ ਹੈ। ਬੁਕੀਜ ਦੇ ਕਾਰੋਬਾਰ 'ਤੇ ਅੱਖ ਰੱਖਣ ਵਾਲੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਦੇ ਬਾਅਦ ਤੋਂ ਕ੍ਰਿਕੇਟ ਮੈਚ ਬੰਦ ਹਨ, ਜਿਸ ਨਾਲ ਅਪ੍ਰੈਲ ਮਹੀਨੇ ਤੱਕ ਬੁਕੀਜ ਕਾਫ਼ੀ ਪਰੇਸ਼ਾਨ ਰਹੇ, ਫਿਰ ਉਨ੍ਹਾਂ ਨੇ ਜੂਆ ਅਤੇ ਸ਼ਰਤਾਂ ਦਾ ਕੰਮ ਵੱਡੇ ਪੈਮਾਨੇ 'ਤੇ ਸ਼ੁਰੂ ਕਰ ਦਿੱਤਾ। ਇਸ ਸਮੇਂ ਸ਼ਹਿਰ ਦੇ ਬਹੁਤੇ ਆਪਰਾਧਿਕ ਤੱਤ ਜਾਂ ਜੂਆ ਖਿਡਾ ਕੇ ਅਤੇ ਜਾਂ ਨਾਜਾਇਜ਼ ਸ਼ਰਾਬ ਵੇਚ ਕੇ ਰੋਜ਼ਾ ਲੱਖਾਂ ਰੁਪਏ ਕਮਾ ਰਹੇ ਹਨ। ਜਾਣਕਾਰ ਦੱਸਦੇ ਹਨ ਕਿ ਇਸ ਸੀ ਬੀ ਐਸ ਸਾਫਟਵੇਅਰ ਦੇ ਰਾਹੀਂ ਬੁਕੀਜ਼ ਆਪਣੇ ਆਨਲਾਈਨ ਅਕਾਊਂਟ ਤੋਂ ਪੈਸੇ ਦਿੰਦੇ ਹਨ। ਇਨ੍ਹਾਂ ਅਕਾਊਂਟ ਰਾਹੀਂ ਜੁਆਰੀਆਂ ਦੀ ਲਿਮਿਟ ਸੈਟ ਹੁੰਦੀ ਹੈ ਕਿ ਉਹ ਆਨਲਾਈਨ ਕਿੰਨੇ ਪੈਸੇ ਤੱਕ ਜੂਆ ਖੇਡ ਸਕਦੇ ਹਨ।

## ਹਰਿਆਣਾ ਦੇ ਜੱਜ ਦਾ ਸਟੈਨੋ ਹੈਰੋਇਨ ਸਮੇਤ ਫੜ੍ਹਿਆ

ਲੁਧਿਆਣਾ, 13 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਨੇ ਸਿਰਸਾ (ਹਰਿਆਣਾ) ਦੇ ਜੱਜ ਦੇ ਸਟੈਨੋ ਤੇ ਉਸ ਦੇ ਸਾਥੀ ਨੂੰ 580 ਗਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਐੱਸ ਟੀ ਐੱਫ ਦੇ ਏ ਆਈ ਜੀ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਐੱਸ ਟੀ ਐੱਫ ਲੁਧਿਆਣਾ ਦੇ ਸਹਾਇਕ ਸਬ ਇੰਸਪੈਕਟਰ ਨਰੇਸ਼ ਕੁਮਾਰ ਦੀ ਅਗਵਾਈ ਹੇਠ ਟੀਮ ਨੇ ਸਾਹਨੇਵਾਲ ਨੇੜੇ ਇਨ੍ਹਾਂ ਦੋਵਾਂ ਨੂੰ ਮੁਖਬਰੀ ਦੇ ਆਧਾਰ 'ਤੇ ਓਦੋਂ ਫੜਿਆ, ਜਦੋਂ ਉਹ ਹੈਰੋਇਨ ਦੀ ਸਪਲਾਈ ਦੇਣ ਲਈ ਗਾਹਕ ਉਡੀਕ ਰਹੇ ਸਨ। ਦੋਵਾਂ ਮੁਲਜ਼ਮਾਂ ਦੀ ਸ਼ਨਾਖਤ ਸੰਜੇ ਨਾਗਪਾਲ (27) ਅਤੇ ਧੀਰਜ ਕੁਮਾਰ (41) ਦੋਵੇਂ ਵਾਸੀ ਸਿਰਸਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਏ ਸੀ ਪੀ ਪਵਨਜੀਤ ਦੀ ਹਾਜ਼ਰੀ ਵਿੱਚ ਜਦੋਂ ਪੁਲਸ ਨੇ ਇਨ੍ਹਾਂ ਦੀ ਤਲਾਸ਼ੀ ਲਈ ਤਾਂ ਸੰਜੇ ਨਾਗਪਾਲ ਤੋਂ 300 ਗਰਾਮ ਤੇ ਧੀਰਜ ਕੁਮਾਰ ਤੋਂ 280 ਗਰਾਮ ਹੈਰੋਇਨ ਮਿਲੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਧੀਰਜ ਕੁਮਾਰ ਨੇ ਦੱਸਿਆ ਹੈ ਕਿ ਉਹ ਨਵੀਂ ਕਚਹਿਰੀ ਸਿਰਸਾ ਵਿੱਚ ਪਿਛਲੇ 10 ਸਾਲ ਤੋਂ ਜੱਜ ਦਾ ਸਰਕਾਰੀ ਸਟੈਨੋ ਹੈ ਤੇ ਦੋ-ਤਿੰਨ ਸਾਲ ਤੋਂ ਉਸ ਨੇ ਹੈਰੋਇਨ ਦਾ ਧੰਦਾ ਸ਼ੁਰੂ ਕੀਤਾ ਹੈ। ਸੰਜੇ ਨਾਗਪਾਲ ਦੇ ਖਿਲਾਫ ਥਾਣਾ ਸਰਹਿੰਦ ਵਿੱਚ ਐੱਨ ਡੀ ਪੀ ਐੱਸ ਐਕਟ ਦਾ ਕੇਸ ਦਰਜ ਹੈ ਅਤੇ ਉਹ ਜ਼ਮਾਨਤ 'ਤੇ ਜੇਲ੍ਹ ਵਿੱਚੋਂ ਨਿਕਲਿਆ ਹੈ। ਉਨ੍ਹਾਂ ਦੱਸਿਆ ਕਿ ਉਹ ਦਿੱਲੀ ਦੇ ਦਵਾਰਕਾ ਵਾਸੀ ਰਾਹੁਲ ਤੋਂ ਸਸਤੇ ਭਾਅ ਹੈਰੋਇਨ ਲਿਆ ਕੇ ਪੰਜਾਬ ਵਿੱਚ ਵੇਚਦੇ ਸਨ।

# ਕੋਰੋਨਾ ਵੈਕਸੀਨ ਬਣਾਉਣ ਵਿੱਚ ਰੂਸ ਨੇ ਮਾਰੀ ਬਾਜੀ

*** ਸਭ ਤੋਂ ਪਹਿਲੇ ਸਫਲ ਟ੍ਰਾਇਲ ਪੂਰਾ ਕਰਨ ਦਾ ਦਾਅਵਾ**



ਮਾਸਕੋ, 13 ਜੁਲਾਈ (ਪੋਸਟ ਬਿਊਰੋ)- ਕੋਰੋਨਾ ਵੈਕਸੀਨ ਬਣਾਉਣ ਵਿੱਚ ਰੂਸ ਨੇ ਬਾਜੀ ਮਾਰ ਲਈ ਹੈ, ਜਦ ਕਿ ਹੋਰ ਕਈ ਦੇਸ਼ਾਂ ਦੀਆਂ ਸੰਸਥਾਵਾਂ ਦੇ ਦਾਅਵੇ ਬਾਅਦ ਵਿੱਚ ਸੱਚੇ ਨਹੀਂ ਨਿਕਲੇ।

ਰੂਸ ਦੀ ਸੇਚੇਨੋਵ ਯੂਨੀਵਰਸਿਟੀ ਨੇ ਸਭ ਤੋਂ ਪਹਿਲਾ ਸਫਲ ਟ੍ਰਾਇਲ ਪੂਰਾ ਕਰਨ ਦਾ ਦਾਅਵਾ ਕੀਤਾ ਹੈ। ਇਹ ਦਾਅਵਾ ਸੱਚ ਨਿਕਲਿਆ ਤਾਂ ਇਹ ਕੋਰੋਨਾ ਵਾਇਰਸ ਦੀ ਪਹਿਲੀ ਵੈਕਸੀਨ ਹੋਵੇਗੀ। ਇਸਦੇ ਨਾਲ ਹੀ ਦੁਨੀਆ ਨੂੰ ਕੋਰੋਨਾ ਵਾਇਰਸ ਦੀ ਕਾਟ ਵੀ ਰੂਸ ਨੇ ਕੱਢ ਲਈ ਹੈ। ਅਮਰੀਕਾ ਸਮੇਤ ਦੁਨੀਆ ਦੇ ਕਈ ਵਿਕਸਿਤ ਮੁਲਕ ਕੋਰੋਨਾ 'ਤੇ ਵੈਕਸੀਨ ਤਿਆਰ ਕਰਨ ਵਿੱਚ ਜੁਟੇ ਹੋਏ ਹਨ। ਕਈ ਦੇਸ਼ ਤਾਂ ਟਰਾਇਲ ਦੇ ਪੱਧਰ ਉੱਤੇ ਅਸਫਲ ਵੀ ਹੋ ਚੁੱਕੇ ਹਨ, ਪਰ ਰੂਸ ਨੇ ਪਹਿਲੀ ਵੈਕਸੀਨ ਨੂੰ ਸਫਲ ਕਰਾਰ ਦਿੱਤਾ ਹੈ, ਜਿਸ ਦਾ ਤੋੜ ਅਜੇ ਹੋਰਨਾਂ ਕੋਲ ਨਹੀਂ ਹੈ।

# ਆਖ਼ਰ ਪਹਿਨ ਹੀ ਲਿਆ ਟਰੰਪ ਨੇ ਵੀ ਮਾਸਕ

ਸੈਕਰਾਮੈਂਟੋ, 13 ਜੁਲਾਈ (ਪੋਸਟ ਬਿਊਰੋ)- ਹਾਲੇ ਤੱਕ ਅਕਸਰ ਮਾਸਕ ਪਾਏ ਬਿਨਾਂ ਨਜ਼ਰ ਆਉਣ ਵਾਲੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਖ਼ਰ ਮਾਸਕ ਪਾ ਹੀ ਲਿਆ। ਅਸਲ ਵਿੱਚ ਅਮਰੀਕਾ 'ਚ ਕੋਰੋਨਾ ਵਾਇਰਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 33,55,000 ਤੋਂ ਪਾਰ ਹੋ ਜਾਣ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਮਿਲਟਰੀ ਹਸਪਤਾਲ ਦੇ ਦੌਰੇ ਦੌਰਾਨ ਮਾਸਕ ਪਹਿਨੇ ਹੋਏ ਨਜ਼ਰ ਆਏ। ਉਨ੍ਹਾਂ ਨੇ ਕੋਰੋਨਾ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਜਨਤਕ ਤੌਰ ਉੱਤੇ ਮਾਸਕ ਪਾਇਆ ਹੈ। ਰਾਸ਼ਟਰਪਤੀ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ 'ਚ ਜ਼ਖ਼ਮੀ ਸੈਨਿਕਾਂ ਅਤੇ ਕੋਰੋਨਾ ਵਾਇਰਸ ਨਾਲ ਮੂਹਰਲੀ ਕਤਾਰ 'ਚ ਲੜ ਰਹੇ ਮੈਡੀਕਲ ਵਰਕਰਾਂ ਦਾ ਹਾਲ-ਚਾਲ ਪੁੱਛਣ ਗਏ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਮੈਂ ਕਦੇ ਮਾਸਕ ਪਾਉਣ ਦੇ ਵਿਰੁੱਧ ਨਹੀਂ ਰਿਹਾ, ਪਰ ਮੇਰਾ ਵਿਸ਼ਵਾਸ ਹੈ ਕਿ ਮਾਸਕ ਪਾਉਣ ਲਈ ਉਚਿਤ ਜਗ੍ਹਾ ਤੇ ਸਮਾਂ ਹੋਣਾ ਜ਼ਰੂਰੀ ਹੈ। ਇੱਕ ਘੰਟੇ ਤੋਂ ਵੀ ਘੱਟ ਸਮੇਂ ਦੇ ਦੌਰੇ ਦੌਰਾਨ ਰਾਸ਼ਟਰਪਤੀ ਨੇ ਨੀਲੇ ਰੰਗ ਦਾ ਮਾਸਕ ਪਹਿਨਿਆ।

# ਅਮਰੀਕਾ ਵਿੱਚ ਚੋਣ ਮੁੱਦਾ ਬਣਦਾ ਜਾ ਰਿਹਾ ਹੈ ਚੀਨ

ਵਾਸ਼ਿੰਗਟਨ, 13 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਚੀਨ ਦਾ ਵਿਰੋਧ ਤੇਜ਼ੀ ਨਾਲ ਚੋਣਾਂ ਦਾ ਮੁੱਦਾ ਬਣਦਾ ਜਾ ਰਿਹਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਡੈਮੋਕ੍ਰੇਟਿਕ ਵਿਰੋਧੀ ਜੋਅ ਬਿਡੇਨ ਵਿਚਾਲੇ ਇਸ ਗੱਲ ਦੀ ਦੌੜ ਹੈ ਕਿ ਚੀਨ ਨੂੰ ਵੱਧ ਨਿਸ਼ਾਨਾ ਕੌਣ ਬਣਾਉਂਦਾ ਤੇ ਕੌਣ ਚੀਨ ਖਿਲਾਫ ਸਖਤ ਰੁਖ ਜ਼ਾਹਿਰ ਕਰਦਾ ਹੈ। ਇਸ ਸਾਲ ਤਿੰਨ ਨਵੰਬਰ ਨੂੰ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਆਪਣੀ ਰਿਪਬਲੀਕਨ ਪਾਰਟੀ ਵੱਲੋਂ ਉਮੀਦਵਾਰ ਹਨ, ਜਦ ਕਿ ਜੋਅ ਬਿਡੇਨ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਵੱਲੋਂ ਇਸ ਅਹੁਦੇ ਦੇ ਉਮੀਦਵਾਰ ਹਨ।

ਡੋਨਾਲਡ ਟਰੰਪ ਦੀ ਪ੍ਰਚਾਰ ਟੀਮ ਵੱਲੋਂ ਜਾਰੀ ਕੀਤੇ ਗਏ ਇਸ਼ਤਿਹਾਰਾਂ ਵਿੱਚ ਜੋਅ ਬਿਡੇਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤਾਂ ਕਰਦੇ ਦਿੱਸਦੇ ਹਨ, ਜਦ ਕਿ ਡੋਨਾਲਡ ਟਰੰਪ ਖੁਦ ਵੀ ਅਜਿਹੀਆਂ ਮੀਟਿੰਗਾਂ ਕਰ ਚੁੱਕੇ ਹਨ। ਉਹ ਆਪਣੇ ਫਲੋਰਿਡਾ ਕਲੱਬ ਵਿੱਚ ਜਿਨਪਿੰਗ ਦਾ ਸਵਾਗਤ ਵੀ ਕਰ ਚੁੱਕੇ ਹਨ। ਇਸ਼ਤਿਹਾਰਾਂ ਵਿੱਚ ਦਿਖਾਇਆ ਗਿਆ ਹੈ ਕਿ ਡੋਨਾਲਡ ਟਰੰਪ ਕੋਰੋਨਾ ਵਾਇਰਸ ਨੂੰ ਘੱਟ ਦੱਸ ਰਹੇ ਹਨ। ਉਹ ਮਹਾਮਾਰੀ ਦੇ ਬਾਰੇ ਪਾਰਦਰਸ਼ਿਤਾ ਲਈ ਜਿਨਪਿੰਗ ਦੀ ਸ਼ਲਾਘਾ ਵੀ ਕਰਦੇ ਹਨ। ਇਹ ਲਗਭਗ ਸਾਫ ਹੋ ਚੁੱਕਾ ਹੈ ਕਿ ਚੀਨ ਨੇ ਦੁਨੀਆ ਤੋਂ ਕੋਰੋਨਾ ਮਹਾਮਾਰੀ ਦੇ ਬਾਰੇ ਵਿੱਚ ਜਾਣਕਾਰੀ ਲੁਕਾਈ ਸੀ। ਇਸ਼ਤਿਹਾਰਾਂ ਦੀ ਸਮੀਖਿਆ ਕਰਨ



ਵਾਲੇ ਰਿਪਬਲੀਕਨ ਚੋਣ ਆਬਜ਼ਰਵਰ ਫਰੈਂਕ ਲੁੰਟਜ ਨੇ ਕਿਹਾ, ਮੈਨੂੰ ਲੱਗਦਾ ਹੈ ਕਿ ਇਹ ਯਕੀਨਨ ਗੰਭੀਰ ਮਾਮਲਾ ਹੋਣ ਜਾ ਰਿਹਾ ਹੈ, ਪਰ ਮੈਂ ਇਹ ਨਹੀਂ ਜਾਣਦਾ ਕਿ ਕਿਸ ਨੂੰ ਇਸ ਦਾ ਫਾਇਦਾ ਹੋਣ ਵਾਲਾ ਹੈ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਚੋਣਾਂ ਵਿੱਚ ਚੀਨ ਸਿਰਫ ਇੱਕ ਵਿਦੇਸ਼ ਨੀਤੀ ਦਾ ਮੁੱਦਾ ਹੈ, ਇਹ ਅਜਿਹਾ ਮਾਮਲਾ ਹੈ ਜਿਸ ਦਾ ਕੋਰੋਨਾ ਮਹਾਮਾਰੀ ਨਾਲ ਡੂੰਘਾ ਸੰਬੰਧ ਹੈ। ਇਸ ਨਾਲ ਅਮਰੀਕੀ ਅਰਥਚਾਰਾ ਡਾਵਾਂਡੋਲ ਹੋ ਗਿਆ ਹੈ। ਵੋਟਰ ਖੁਦ ਸਵਾਲ ਕਰਨਗੇ ਕਿ ਚੀਨ ਵੱਲੋਂ ਅਨੁਚਿਤ ਕਾਰੋਬਾਰੀ ਵਿਹਾਰ, ਬੌਧਿਕ ਸੰਪਦਾ ਅਧਿਕਾਰਾਂ ਦੀ ਚੋਰੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਉਸ ਦੇ ਵਧਦੇ ਹਮਲਾਵਰ ਰਵੱਈਏ ਨਾਲ ਟਰੰਪ ਤੇ ਬਿਡੇਨ ਵਿੱਚੋਂ ਕੌਣ ਅਮਰੀਕਾ ਦੀ ਵੱਧ ਰਾਖੀ ਕਰ ਸਕਦਾ ਹੈ? ਕਈ ਮਾਮਲਿਆਂ ਵਿੱਚ ਬਿਡੇਨ ਟਰੰਪ ਤੋਂ ਅੱਗੇ ਹਨ ਤੇ ਕਈ ਮਾਮਲਿਆਂ 'ਚ ਟਰੰਪ ਬਿਡੇਨ ਨੂੰ ਮਾਤ ਦੇ ਰਹੇ ਹਨ। ਕਈ ਫੈਸਲੇ ਸਿੱਧਾ ਟਰੰਪ ਦੇ ਖਿਲਾਫ ਜਾ ਰਹੇ ਹਨ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋ ਬਿਡੇਨ ਨੇ ਲੂਈਸਿਆਨਾ ਤੋਂ ਪ੍ਰਾਇਮਰੀ ਚੋਣ ਜਿੱਤ ਲਈ ਹੈ। ਇਸ ਸੀਟ 'ਤੇ ਰਿਪਬਲੀਕਨ ਪਾਰਟੀ ਦੇ ਕਿਸੇ ਹੋਰ ਉਮੀਦਵਾਰ ਤੋਂ ਡੋਨ-ਾਲਡ ਟਰੰਪ ਨੂੰ ਸਖਤ ਟੱਕਰ ਨਹੀਂ ਮਿਲੀ, ਪਰ ਕੱਲ੍ਹ ਹੋਈ ਚੋਣ ਵਿੱਚ ਉਨ੍ਹਾਂ ਦੇ ਖਿਲਾਫ ਚਾਰ ਲੋਕਾਂ ਨੇ ਦਾਅਵਾ ਪੇਸ਼ ਕੀਤਾ ਸੀ। ਬਿਡੇਨ ਦੇ ਸਾਹਮਣੇ 13 ਡੈਮੋਕ੍ਰੇਟਸ ਨੇ ਚੁਣੌਤੀ ਪੇਸ਼ ਕੀਤੀ ਸੀ। ਉਹ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਨ ਲਈ ਹੋਰ ਰਾਜਾਂ ਤੋਂ ਲੋੜੀਂਦੇ ਪ੍ਰਤੀਨਿਧ ਪਹਿਲਾਂ ਇਕੱਠੇ ਕਰ ਚੁੱਕੇ ਹਨ। ਲੂਈਸਿਆਨਾ ਦੇਸ਼ ਦੀ ਆਖਰੀ ਪ੍ਰੈਜ਼ੀਡੈਂਸ਼ੀਅਲ ਪ੍ਰਾਇਮਰੀ ਵਿੱਚੋਂ ਇੱਕ ਹੈ। ਇਥੇ ਸਭ ਤੋਂ ਪਹਿਲਾਂ ਚਾਰ ਅਪ੍ਰੈਲ ਨੂੰ ਚੋਣ ਹੋਣੀ ਸੀ, ਪਰ ਕੋਰੋਨਾ ਵਾਇਰਸ ਕੌਮਾਂਤਰੀ ਮਹਾਮਾਰੀ ਕਾਰਨ ਉਸ ਨੂੰ ਟਾਲ ਦਿੱਤਾ ਸੀ।

# ਲੰਡਨ ਦੀਆਂ ਸੜਕਾਂ 'ਤੇ ਕਿਸਾਨਾਂ ਵੱਲੋਂ ਟਰੈਕਟਰਾਂ ਸਣੇ ਮੁਜ਼ਾਹਰਾ

ਲੰਡਨ, 13 ਜੁਲਾਈ (ਪੋਸਟ ਬਿਊਰੋ)- ਯੂ ਕੇ ਪਾਰਲੀਮੈਂਟ ਸਾਹਮਣੇ ਕਿਸਾਨਾਂ ਵੱਲੋਂ ਖੇਤੀਬਾੜੀ ਬਾਰੇ ਬਿੱਲ ਦੇ ਰੋਸ ਵਜੋਂ ਪ੍ਰਦਰਸ਼ਨ ਕੀਤਾ ਗਿਆ, ਜਿਸ ਤਰ੍ਹਾਂ ਲੰਮੇ ਸਮੇਂ ਤੋਂ ਕਦੀ ਨਹੀਂ ਸੀ ਕੀਤਾ ਗਿਆ।

ਪ੍ਰਦਰਸ਼ਨ ਕਰ ਰਹੇ ਕਿਸਾਨ ਟਰੈਕਟਰਾਂ-ਟਰਾਲੀਆਂ ਸਣੇ ਪਾਰਲੀਮੈਂਟ ਸਕੁਏਅਰ ਨੇੜੇ ਇਕੱਠੇ ਹੋਏ ਅਤੇ ਬ੍ਰਿਟੇਨ ਦੀ ਕਿਸਾਨੀ ਨੂੰ ਬਚਾਉਣ ਦਾ ਹੋਕਾ ਦਿੱਤਾ। ਇਹ ਪ੍ਰਦਰਸ਼ਨ 'ਸੇਵ ਬ੍ਰਿਟਿਸ਼ ਫਾਰਮਿੰਗ' ਦੇ ਕਾਰਕੁੰਨਾਂ ਨੇ ਨਵੇਂ ਖੇਤੀ ਬਿੱਲ 'ਚ ਅਮਰੀਕਾ ਅਤੇ ਹੋਰ ਦੇਸ਼ਾਂ ਨਾਲ ਕੀਤੇ ਜਾ ਰਹੇ ਵਪਾਰਕ ਸਮਝੌਤਿਆਂ ਬਾਰੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਇਸ ਬਿੱਲ ਨਾਲ ਭੋਜਨ ਮਾਰਕੀਟ 'ਚ ਨੀਵੇਂ ਅਤੇ ਸਸਤੇ ਪੱਧਰ ਦੇ ਖਾਣੇ ਦੀ ਭਰਮਾਰ ਹੋ ਜਾਵੇਗੀ, ਜੋ ਬਰਤਾਨਵੀ ਖੇਤੀ ਅਤੇ ਕਿਸਾਨੀ ਲਈ ਨੁਕਸਾਨ ਦਾਇਕ ਹੋਵੇਗੀ। ਇਸ ਪ੍ਰਦਰਸ਼ਨ 'ਚ ਸ਼ਾਮਲ ਮਾਸਟਰ ਸ਼ੈਫ ਦੀ





ਜੇਤੀ ਏਮਾ ਕੈਨੇਡੀ ਨੇ ਸਾਥ ਦਿੰਦਿਆਂ ਪਾਰਲੀਮੈਂਟ ਮੈਂਬਰਾਂ ਨੂੰ ਯੂ ਕੇ ਦੀ ਖੇਤੀ ਬਚਾਉਣ ਲਈ ਪੱਤਰ ਲਿਖਿਆ ਹੈ।

ਸੇਵ ਬ੍ਰਿਟਿਸ਼ ਫਾਰਮਿੰਗ ਨੇ ਕਿਹਾ ਕਿ ਇਹ ਪ੍ਰਦਰਸ਼ਨ ਸਰਕਾਰ ਦੇ ਖੇਤੀਬਾੜੀ ਬਿੱਲ ਦੇ ਵਿਰੋਧ ਵਜੋਂ ਸੀ, ਇਹ ਬਿੱਲ ਬਰਤਾਨਵੀ ਪਸ਼ੂ ਭਲਾਈ ਅਤੇ ਵਾਤਾਵਰਨ ਲਈ ਡਰ ਪੈਦਾ ਕਰਦਾ ਹੈ। ਸਰਕਾਰ ਵੀ ਨੋ ਡੀਲ ਬ੍ਰੈਗਜ਼ਿਟ ਦੀ ਧਮਕੀ ਦੇ ਰਹੀ ਹੈ ਜੇ ਅਜਿਹੇ ਹੋਇਆ ਤਾਂ ਸਾਡੇ ਅੱਧੀ ਕਿਰਸਾਨੀ ਤਬਾਹ ਹੋ ਜਾਵੇਗੀ ਤੇ ਸਾਨੂੰ ਅਮਰੀਕਾ ਦੇ ਰਹਿਮ 'ਤੇ ਰਹਿਣਾ ਹੋਵੇਗਾ। ਗਰੁੱਪ ਨੇ ਕਿਹਾ ਕਿ ਕਿਸਾਨ ਅਤੇ ਖਪਤਕਾਰ ਮਿਆਰੀ ਭੋਜਨ ਅਤੇ ਉਚਿੱਤ ਵਪਾਰ ਸੌਦਿਆਂ ਲਈ ਸਾਨੂੰ ਨੋ ਡੀਲ ਬ੍ਰੈਗਜ਼ਿਟ ਨਹੀਂ ਚਾਹੀਦਾ। ਕਿਸਾਨਾਂ ਨੇ ਲੋਕਾਂ ਨੂੰ ਪਾਰਲੀਮੈਂਟ ਮੈਂਬਰਾਂ ਅਤੇ ਸੁਪਰ ਮਾਰਕੀਟਾਂ ਨੂੰ ਪੱਤਰ ਲਿਖ ਕੇ ਸਹਿਯੋਗ ਮੰਗਿਆ ਹੈ ਅਤੇ ਇਸ ਬਾਰੇ ਆਮ ਲੋਕਾਂ ਦੇ ਹੁੰਗਾਰੇ ਦੀ ਉਡੀਕ ਹੈ।

# ਆਸਟ੍ਰੇਲੀਆ ਹਾਂਗਕਾਂਗ ਦੇ 10 ਹਜ਼ਾਰ ਲੋਕਾਂ ਨੂੰ ਸਥਾਈ ਨਿਵਾਸ ਦਾ ਮੌਕਾ ਦੇਵੇਗਾ

ਸਿਡਨੀ, 13 ਜੁਲਾਈ (ਪੋਸਟ ਬਿਊਰੋ)- ਆਸਟ੍ਰੇਲੀਆ ਸਰਕਾਰ ਨੇ ਕਿਹਾ ਹੈ ਕਿ ਉਹ ਇੱਥੇ ਰਹਿੰਦੇ ਹਾਂਗਕਾਂਗ ਦੇ ਘੱਟ ਤੋਂ ਘੱਟ 10,000 ਨਾਗਰਿਕਾਂ ਦਾ ਵਰਤਮਾਨ ਵੀਜ਼ਾ ਖ਼ਤਮ ਹੋਣ ਪਿੱਛੋਂ ਉਨ੍ਹਾਂ ਨੂੰ ਸਥਾਈ ਨਿਵਾਸ (ਪੀ ਆਰ) ਦੀ ਅਰਜ਼ੀ ਦੇਣ ਦਾ ਇੱਕ ਮੌਕਾ ਦੇਵੇਗਾ। ਪ੍ਰਧਾਨ ਮੰਤਰੀ ਸਕਾਟ ਮਾਰਿਸਨ ਦੀ ਸਰਕਾਰ ਦਾ ਮੰਨਣਾ ਹੈ ਕਿ ਅਰਧ ਖ਼ੁਦ ਮੁਖਤਿਆਰ ਖੇਤਰ ਹਾਂਗਕਾਂਗ ਵਿੱਚ ਨਵੇਂ ਸਖ਼ਤ ਕੌਮੀ ਸੁਰੱਖਿਆ ਕਾਨੂੰਨ ਲਾਗੂ ਕਰਨ ਦੇ ਕਾਰਨ ਲੋਕਤੰਤਰ ਸਮਰਥਕਾਂ ਨੂੰ ਰਾਜਨੀਤਕ ਅੱਤਿਆਚਾਰ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ।

ਇਸ ਬਾਰੇ ਕਾਰਜਕਾਰੀ ਇਮੀਗ੍ਰੇਸ਼ਨ ਮੰਤਰੀ ਏਲਨ ਟੂਡਗੇ ਨੇ 'ਆਸਟ੍ਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ' ਟੈਲੀਵਿਜ਼ਨ ਨੂੰ ਕੱਲ੍ਹ ਕਿਹਾ, 'ਇਸ ਦਾ ਮਤਲਬ ਹੈ ਕਿ ਹਾਂਗਕਾਂਗ ਪਾਸਪੋਰਟ ਵਾਲੇ ਕਈ ਲੋਕ ਹੋਰ ਜਗ੍ਹਾ 'ਤੇ ਜਾਣ ਲਈ ਸਥਾਨ ਦੀ ਭਾਲ ਕਰਨਗੇ ਅਤੇ ਇਸ ਲਈ ਅਸੀਂ ਆਪਣਾ ਵੀਜ਼ਾ ਬਦਲ ਉਨ੍ਹਾਂ ਸਾਹਮਣੇ ਰਖਿਆ ਹੈ। ਉਨ੍ਹਾਂ ਕਿਹਾ ਕਿ ਪੀ ਆਰ ਲੈਣ ਲਈ ਬਿਨੈਕਾਰਾਂ ਨੂੰ 'ਚਰਿਤਰ ਪ੍ਰੀਖਿਆ, ਕੌਮੀ ਸੁਰੱਖਿਆ ਪ੍ਰੀਖਿਆ ਅਤੇ ਇਸ ਤਰ੍ਹਾਂ ਦੀਆਂ ਹੋਰ ਪ੍ਰੀਖਿਆਵਾਂ' ਪਾਸ ਕਰਨੀਆਂ ਹੋਣਗੀਆਂ। ਇਮੀਗ੍ਰੇਸ਼ਨ ਮੰਤਰੀ ਨੇ ਕਿਹਾ, 'ਇਹ ਆਪਣੇ ਆਪ ਨਹੀਂ ਹੋਵੇਗਾ, ਪੀ ਆਰ ਲੇਣ ਲਈ ਇਹ ਆਸਾਨ ਰਸਤਾ ਹੈ ਅਤੇ ਇੱਕ ਵਾਰ ਤੁਸੀਂ ਸਥਾਈ ਨਿਵਾਸੀ ਹੋ ਗਏ ਤਾਂ ਉਸ ਪਿੱਛੋਂ ਨਾਗਰਿਕਤਾ ਦਾ ਰਸਤਾ ਹੈ। ਉਨ੍ਹਾਂ ਕਿਹਾ, 'ਜੇ ਅਸਲ ਵਿੱਚ ਲੋਕਾਂ 'ਤੇ ਅੱਤਿਆਚਾਰ ਹੁੰਦਾ ਹੈ ਤਾਂ ਇਸ ਨੂੰ ਸਾਬਤ ਕਰਕੇ ਸਾਡੇ ਮਨੁੱਖਤਾਵਾਦੀ ਵੀਜ਼ੇ ਵਿੱਚੋਂ ਇੱਕ ਦੀ ਅਰਜ਼ੀ ਦਿੱਤੀ ਜਾ ਸਕਦੀ ਹੈ।


## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

| | |
|---|---|
| 40k Deposit Structure | $10,000 Submitted with offer |
| | $10,000 Submitted 90 days after Offer Date |
| | $20,000 Submitted 150 days after Offer Date |

Jagdish Grewal
Sales Representative



Residential | Commercial | Investment


(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100
Ext. 348

# ‘ਸੱਤਿਆ’ ਤੋਂ ਹੀ ਮੈਨੂੰ ਪਛਾਣ ਮਿਲੀ : ਆਦਿੱਤਯ ਸ੍ਰੀਵਾਸਤਵ



ਦੇਸ਼ ਦੀਆਂ ਬਿਹਤਰੀਨ ਫਿਲਮਾਂ ਵਿੱਚੋਂ ਰਾਮ ਗੋਪਾਲ ਵਰਮਾ ਦੇ ਨਿਰਦੇਸ਼ਨ ਵਾਲੀ ਫਿਲਮ ‘ਸੱਤਿਆ’ ਨੂੰ ਰਿਲੀਜ਼ ਹੋਇਆਂ 22 ਸਾਲ ਹੋ ਚੁੱਕੇ ਹਨ। ਸਾਲ 1998 ਵਿੱਚ ਰਿਲੀਜ਼ ਹੋਈ ਇਸ ਫਿਲਮ ਵਿੱਚ ਇੰਸਪੈਕਟਰ ਖਾਂਡਿਲਕਰ ਦਾ ਕਿਰਦਾਰ ਕਰਨ ਵਾਲੇ ਆਦਿੱਤਯ ਸ੍ਰੀਵਾਸਤਵ ਨੇ ਫਿਲਮ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝਾ ਕਰਦੇ ਹੋਏ ਦੱਸਿਆ, ਇਸ ਫਿਲਮ ਲਈ ਸਭ ਤੋਂ ਪਹਿਲਾਂ ਮਨੋਜ ਵਾਜਪਾਈ ਨੇ ਮੇਰੇ ਨਾਲ ਸੰਪਰਕ ਕੀਤਾ ਸੀ। ਇਸ ਤੋਂ ਪਹਿਲਾਂ ਮਨੋਜ ਦੇ ਨਾਲ ਮੈਂ ਫਿਲਮ ‘ਬੈਂਡਿਟ ਕਵੀਨ’ ਵਿੱਚ ਕੰਮ ਕਰ ਚੁੱਕਾ ਸੀ। ਉਨ੍ਹਾਂ ਦੇ ਕਹਿਣਾ 'ਤੇ ਮੈਂ ਰਾਮ ਗੋਪਾਲ ਵਰਮਾ ਨੂੰ ਮਿਲਿਆ। ਉਨ੍ਹਾਂ ਨੇ ਮੈਨੂੰ ਭਰੋਸਾ ਦਿੱਤਾ ਕਿ ਫਿਲਮ ਵਿੱਚ ਮੇਰਾ ਕੰਮ ਤੈਅ ਹੈ, ਪਰ ਕਿਰਦ-ਾਰ ਬਾਰੇ ਕੋਈ ਗੱਲ ਨਹੀਂ ਹੋਈ। ਕੁਝ ਦਿਨਾਂ ਬਾਅਦ ਉਨ੍ਹਾਂ ਨੇ ਮੈਨੂੰ ਇੰਸਪੈਕਟਰ ਦਾ ਕਿਰਦਾਰ ਪੇਸ਼ ਕੀਤਾ। ਰਾਮ ਗੋਪਾਲ ਜੀ ਸ਼ੂਟਿੰਗ ਤੋਂ ਪਹਿਲਾਂ ਸਕ੍ਰਿਪਟ 'ਤੇ ਖਾਸ ਤਿਆਰੀ ਨਹੀਂ ਕਰਾਉਂਦੇ। ਉਰਮਿਲਾ ਮਾਤੋਂਡਕਰ ਦੇ ਪੁੱਛਗਿੱਛ ਵਾਲੇ ਸੀਨ ਦੇ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ ਸੀ, ਸੈਟ 'ਤੇ ਪਹੁੰਚਣ ਪਿੱਛੋਂ ਅਚਾਨਕ ਸਕ੍ਰਿਪਟ ਮਿਲੀ ਅਤੇ ਸੀਨ ਬਾਰੇ ਪਤਾ ਲੱਗਾ। ਉਸ ਸਮੇਂ ਉਰਮਿਲਾ ਸੁਪਰ ਸਟਾਰ ਬਣ ਚੁੱਕੀ ਸੀ। ਉਨ੍ਹਾਂ ਤੋਂ ਪੁੱਛਗਿੱਛ ਕਰਨ ਵਿੱਚ ਮੈਨੂੰ ਥੋੜ੍ਹੀ ਝਿਜਕ ਮਹਿਸੂਸ ਹੋਈ, ਪਰ ਸੈਟ 'ਤੇ ਮੌਜੂਦ ਸਾਥੀ ਕਲਾਕਾਰਾਂ ਤੇ ਖੁਦ ਉਰਮਿਲਾ ਨੇ ਮੇਰਾ ਬਹੁਤ ਸਹਿਯੋਗ ਕੀਤਾ। ਅਸੀਂ ਸਾਰਾ ਦਿਨ ਇਸ ਸੀਨ ਨੂੰ ਸ਼ੂਟ ਕੀਤਾ। ਇਸ ਫਿਲਮ ਦੇ ਬਾਅਦ ਇੰਡਸਟਰੀ ਵਿੱਚ ਮੈਨੂੰ ਆਪਣੀ ਪਛਾਣ ਮਿਲੀ। ਉਸ ਦੇ ਬਾਅਦ ਮੈਨੂੰ ਇੰਡਸਟਰੀ ਦੇ ਲੋਕਾਂ ਨੂੰ ਆਪਣੀ ਜਾਣ ਪਛਾਣ ਨਹੀਂ ਦੇਣੀ ਪਈ।


# ਅਕਸ਼ੈ ਤੇ ਜਾਨ ਦੇ ਬਾਅਦ ਅਕਤੂਬਰ ਵਿੱਚ ਸਲਮਾਨ ਵੀ ਸ਼ੁਰੂ ਕਰ ਸਕਦੇ ਹਨ ਸ਼ੂਟਿੰਗ



ਕੋਰੋਨਾ ਦੇ ਖਤਰੇ ਤੇ ਲਾਕਡਾਊਨ ਦੇ ਕਾਰਨ ਟ੍ਰੇਡ ਪੰਡਿਤਾਂ ਨੂੰ ਸ਼ੱਕ ਸੀ ਕਿ ਵੱਡੇ ਸਟਾਰ ਅਗਲੇ ਸਾਲ ਤੱਕ ਸ਼ੂਟਿੰਗ ਲਈ ਬਾਹਰ ਨਹੀਂ ਆਉਣਗੇ, ਪਰ ਇਹ ਅਟਕਲਾਂ ਖਤਮ ਹੁੰਦੀਆਂ ਦਿੱਸ ਰਹੀਆਂ ਹਨ। ਬੀਤੇ ਦਿਨੀਂ ਅਕਸ਼ੈ ਕੁਮਾਰ ਨੇ ‘ਬੈਲਬਾਟਮ’ ਦੀ ਸ਼ੂਟਿੰਗ ਲਈ ਲੰਡਨ ਜਾਣ ਦਾ ਐਲਾਨ ਕੀਤਾ ਅਤੇ ਫਿਰ ਸੁਣਨ ਵਿੱਚ ਆਇਆ ਕਿ ਸਲਮਾਨ ਖਾਨ ਵੀ ਅਕਤੂਬਰ ਤੱਕ ‘ਰਾਧੇ’ ਦੀ ਸ਼ੂਟਿੰਗ ਸ਼ੁਰੂ ਕਰ ਦੇਣਗੇ। ਅੱਗੋਂ ਚਰਚਾ ਇਹ ਸੀ ਕਿ ਸਲਮਾਨ ਅਗਸਤ ਦੇ ਪਹਿਲੇ ਹਫਤੇ ਵਿੱਚ ‘ਰਾਧੇ’ ਦੀ ਬਚੀ ਹੋਈ ਸ਼ੂਟਿੰਗ ਪੂਰੀ ਕਰਨ ਵਾਲੇ ਹਨ। ਇਸ ਦੇ ਲਈ ਬਾਂਦਰਾ ਦੇ ਮਹਿਬੂਬ ਸਟੂਡੀਓ ਨੂੰ ਬੁੱਕ ਵੀ ਕਰ ਲਿਆ ਹੈ। ਜਦ ਮੀਡੀਆ ਨੇ ਇਸ ਦੀ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਸਲਮਾਨ ਬਰਸਾਤ ਦਾ ਮੌਸਮ ਖਤਮ ਹੋਣ ਦੀ ਉਡੀਕ ਕਰ ਰਹੇ ਹਨ ਅਤੇ ਉਹ ਅਕਤੂਬਰ ਤੋਂ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕਰਨਗੇ।

ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ‘ਰਾਧੇ’ ਦੇ ਨਿਰਮਾਤਾ ਅਤੁਲ ਅਗਨੀਹੋਤਰੀ ਨੇ ਸਾਫ ਕਿਹਾ, ‘ਫਿਲਮ ਦਾ ਇੱਕ ਗਾਣਾ ਅਤੇ ਕੁਝ ਅਹਿਮ ਸੀਨ ਸ਼ਾਮਲ ਹਨ। ਮੁੰਬਈ ਵਿੱਚ ਬਰਸਾਤ ਕਾਰਨ ਸਭ ਕੁਝ ਪ੍ਰਭਾਵਤ ਹੋਇਆ ਹੈ। ਇਸ ਲਈ ਅਸੀਂ ਅਕਤੂਬਰ ਵਿੱਚ ਇਸ ਦੀ ਸ਼ੂਟਿੰਗ ਸ਼ੁਰੂ ਕਰਨ ਦੀ ਤਿਆਰੀ ਵਿੱਚ ਹਾਂ। ਬਾਕੀ ਜੋ ਖਬਰਾਂ ਹਨ ਕਿ ਅਗਸਤ ਦੇ ਲਈ ਅਸੀਂ ਮਹਿਬੂਬ ਸਟੂਡੀਓ ਬੁਕ ਕੀਤਾ ਹੈ, ਉਹ ਸਹੀ ਨਹੀਂ। ਇਸ ਬਾਰੇ ਪ੍ਰੋਡਕਸ਼ਨ ਨੂੰ ਕੋਈ ਜਾਣਕਾਰੀ ਨਹੀਂ। ਹਾਂ ਇਹ ਜ਼ਰੂਰ ਹੈ ਕਿ ਕੋਰੋਨਾ ਦੇ ਕਾਰਨ ਅਸਿਸਟੈਂਟ ਡਾਇਰੈਕਟਰ, ਟੈਕਨੀਸ਼ੀਅਨ ਅਤੇ ਡੇਲੀ ਵੇਜਿਜ ਵਰਕਰਾਂ ਦਾ ਕੰਮ ਕਾਫੀ ਪ੍ਰਭਾਵਤ ਹੋਇਆ ਹੈ ਅਤੇ ਉਨ੍ਹਾਂ ਦੀ ਖਾਤਰ ਸਲਮਾਨ ਵੀ ਬਿਨਾਂ ਵੈਕਸੀਨ ਸ਼ੂਟਿੰਗ ਕਰਨ ਦੇ ਲਈ ਤਿਆਰ ਹਨ।

# ਲੱਦਾਖ ਵਿੱਚ ‘ਲਾਲ ਸਿੰਘ ਚੱਢਾ’ ਦੀ ਸ਼ੂਟਿੰਗ ਕਰਨ ਆਮਿਰ ਖਾਨ ਨਹੀਂ ਜਾਣਗੇ



ਭਾਰਤ ਤੇ ਚੀਨ ਵਿਚਾਲੇ ਗਲਵਾਨ ਘਾਟੀ ਵਿੱਚ ਤਣਾਅ ਦਾ ਅਸਰ ਆਮਿਰ ਖਾਨ ਦੀ ਅਗਲੀ ਫਿਲਮ ‘ਲਾਲ ਸਿੰਘ ਚੱਢਾ’ ਉੱਤੇ ਵੀ ਪਿਆ ਹੈ। ਆਮਿਰ ਖਾਨ ਨੇ ਫਿਲਮ ਦੀ ਲੱਦਾਖ ਵਿੱਚ ਹੋਣ ਵਾਲੀ ਸ਼ੂਟਿੰਗ ਰੱਦ ਕਰ ਦਿੱਤੀ ਹੈ। ਜਾਣਕਾਰ ਸੂਤਰਾਂ ਮੁਤਾਬਕ ਆਮਿਰ ਨੇ ਡਾਇਰੈਕਟਰ ਅਦਵੈਤ ਚੰਦਨ ਅਤੇ ਪ੍ਰੋਡਕਸ਼ਨ ਹਾਊਸ ਨਾਲ ਗੱਲਬਾਤ ਦੇ ਬਾਅਦ ਲੱਦਾਖ ਵਿੱਚ ਸ਼ੂਟਿੰਗ ਨਾ ਕਰਨ ਦਾ ਫੈਸਲਾ ਲਿਆ ਹੈ। ਲੱਦਾਖ ਵਿੱਚ ਹੋਣ ਵਾਲੀ ਸ਼ੂਟਿੰਗ ਕਾਰਗਿਲ ਵਿੱਚ ਕੀਤੀ ਜਾ ਸਕਦੀ ਹੈ।

ਪਤਾ ਲੱਗਾ ਹੈ ਕਿ ਮੌਜੂਦਾ ਹਾਲਾਤ ਵਿੱਚ ਲੱਦਾਖ ਵਿੱਚ ਸ਼ੂਟਿੰਗ ਦੀ ਸੰਭਾਵਨ ਨਾ ਦਿਸਦੀ ਹੋਣ ਕਾਰਨ ਆਮਿਰ, ਅਦਵੈਤ ਅਤੇ ਪ੍ਰੋਡਕਸ਼ਨ ਹਾਊਸ ਸ਼ੂਟਿੰਗ ਨੂੰ ਕਾਰਗਿਲ ਵਿੱਚ ਸ਼ਿਫਟ ਕਰਨ 'ਤੇ ਵਿਚਾਰ ਕਰ ਰਿਹਾ ਹੈ। ਸੂਤਰ ਨੇ ਅੱਗੇ ਦੱਸਿਆ ਕਿ ਕੁਝ ਦਿਨ ਪਹਿਲਾਂ ਆਮਿਰ ਦੇ ਸਟਾਫ ਮੈਂਬਰ ਵੀ ਕੋਰੋਨਾ ਦੀ ਲਪੇਟ ਵਿੱਚ ਆ ਗਏ ਸਨ, ਜਿਸ ਦੇ ਬਾਅਦ ਆਮਿਰ ਹੋਰ ਜ਼ਿਆਦਾ ਡਰੇ ਹੋਏ ਹਨ। ਉਹ ਕਾਸਟ ਅਤੇ ਕਰੂਅ ਦੇ ਲਈ ਕੋਵਿਡ 19 ਦਾ ਕੋਈ ਖਤਰਾ ਮੁੱਲ ਲੈਣਾ ਨਹੀਂ ਚਾਹੁੰਦੇ, ਇਸ ਲਈ ਉਹ ਸੋਚ ਸਮਝ ਕੇ ਹੀ ਦੋਬਾਰਾ ਸ਼ੂਟਿੰਗ ਸ਼ੁਰੂ ਕਰਨ ਦੇ ਹੱਕ ਵਿੱਚ ਹਨ।

# ਐਕਸ਼ਨ ਦੇ ਨਾਲ ਕਵਿਤਾਵਾਂ ਨਾਲ ਵੀ ਭਰੀ ਹੈ ਫਿਲਮ ‘ਆਰ ਆਰ ਆਰ’




ਸਾਲ 2021 ਵਿੱਚ ਕਈ ਐਕਸ਼ਨ ਫਿਲਮਾਂ ਰਿਲੀਜ਼ ਹੋਣ ਵਾਲੀਆਂ ਹਨ, ਇਨ੍ਹਾਂ ਵਿੱਚ ਰਾਜਾ ਮੌਲੀ ਦੇ ਨਿਰਦੇਸ਼ਨ ਵਾਲੀ ਫਿਲਮ ‘ਆਰ ਆਰ ਆਰ’ ਸ਼ਾਮਲ ਹੈ। ਫਿਲਮ ਨੂੰ ਹਿੰਦੀ, ਤਮਿਲ, ਕੰਨੜ, ਮਲਿਆਲਮ ਭਾਸ਼ਾਵਾਂ ਦੇ ਡਬ ਵਰਜਨ ਨਾਲ ਤੇਲਗੂ ਵਿੱਚ ਅਗਲੇ ਸਾਲ ਅੱਠ ਜਨਵਰੀ ਨੂੰ ਰਿਲੀਜ਼ ਕੀਤਾ ਜਾਏਗਾ। ਕਾਲਪਨਿਕ ਕਹਾਣੀਆਂ 'ਤੇ ਆਧਾਰਤ ਇਹ ਫਿਲਮ ਭਾਰਤ ਦੇ ਸੁਤੰਤਰਤਾ ਸੈਨਾਨੀ ਅਲੂਰੀ ਸੀਤਾਰਾਮ ਰਾਜੂ ਅਤੇ ਕੋਮਾਰਾਮ ਭੀਮ ਦੇ ਇਰਦ-ਗਿਰਦ ਘੁੰਮੇਗੀ, ਜਿਨ੍ਹਾਂ ਨੇ ਬ੍ਰਿਟਿਸ਼ ਰਾਜ ਦੇ ਨਾਲ ਅਤੇ ਹੈਦਰਾਬਾਦ ਦੇ ਨਿਜਾਮ ਦੇ ਖਿਲਾਫ ਲੜਾਈ ਲੜੀ ਸੀ। ਫਿਲਮ ਨੂੰ ਵੱਖਰੀ ਬਣਾਉਣ ਲਈ ਐਕਸ਼ਨ ਦੇ ਇਲਾਵਾ ਕਵਿਤਾਵਾਂ ਦੀ ਭਰਮਾਰ ਹੈ।

ਇਸ ਫਿਲਮ ਦੇ ਤਮਿਲ ਡਾਇਲਾਗ ਰਾਈਟਰ ਮਦਨ ਕਾਰਕੀ ਦਾ ਕਹਿਣਾ ਹੈ ਕਿ ਫਿਲਮ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਦੇ ਨਾਲ ਐਕਸ਼ਨ ਸੀਕਵੈਂਸ ਵੀ ਹਨ, ਜਿਨ੍ਹਾਂ ਨੂੰ ਹਾਲੇ ਤੱਕ ਫਿਲਮਾਂ ਵਿੱਚ ਨਹੀਂ ਦੇਖਿਆ ਗਿਆ। ਉਹ ਦੱਸਦੇ ਹਨ ਕਿ ਜਿਸ ਤਰ੍ਹਾਂ ‘ਬਾਹੂਬਲੀ’ ਫਿਲਮ ਵਿੱਚ ਵੱਡੀ ਮੂਰਤੀ ਡਿੱਗਣ ਵਾਲੇ ਛੇ ਤੋਂ 10 ਸੀਨ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਸਨ, ਉਸੇ ਤਰ੍ਹਾਂ ‘ਆਰ ਆਰ ਆਰ’ ਫਿਲਮ ਵੀ ਅਜਿਹੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਦ੍ਰਿਸ਼ਾਂ ਵਾਲੀ ਹੋਵੇਗੀ। ਸ਼ੁਰੂ ਤੋਂ ਲੈ ਕੇ ਅਖੀਰ ਤੱਕ ਫਿਲਮ ਦਰਸ਼ਕਾਂ ਨੂੰ ਬੰਨ੍ਹੀ ਰੱਖੇਗੀ। ਐੱਨ ਟੀ ਰਾਮਾਰਾਓ ਜੂਨੀਅਰ, ਰਾਮ ਚਰਨ ਦੇ ਨਾਲ ਹੀ ਆਲੀਆ ਭੱਟ ਅਤੇ ਅਜੈ ਦੇਵਗਨ ਵੀ ਹੋਣਗੇ।

# ‘ਕੁਲੀ ਨੰਬਰ 1’ ਥੀਏਟਰ ਵਿੱਚ ਹੀ ਰਿਲੀਜ਼ ਹੋਵੇਗੀ




ਡਿਜੀਟਲ 'ਤੇ ਆਉਣ ਵਾਲੇ ਦਿਨਾਂ ਵਿੱਚ ‘ਲਛਮੀ ਬੰਬ’, ‘ਸ਼ਕੁੰਤਲਾ ਦੇਵੀ’, ‘ਭੁਜ: ਦ ਪ੍ਰਾਈਡ ਆਫ ਇੰਡੀਆ’, ‘ਦ ਬਿਗ ਬੁਲ’, ‘ਸੜਕ 2’ ਵਰਗੀਆਂ ਵੱਡੀਆਂ ਫਿਲਮਾਂ ਰਿਲੀਜ਼ ਹੋਣਗੀਆਂ। ਅਜਿਹੇ ਵਿੱਚ ਕਈ ਫਿਲਮਾਂ ਬਾਰੇ ਕਿਆਸ ਲਾਏ ਜਾ ਰਹੇ ਸਨ ਕਿ ਉਹ ਵੀ ਸ਼ਾਇਦ ਡਿਜੀਟਲ 'ਤੇ ਰਿਲੀਜ਼ ਹੋਣ। ਹਾਲ ਹੀ ਵਿੱਚ ਜਦ ਵਰੁਣ ਧਵਨ ਡਿਜ਼ਨੀ ਪਲੱਸ ਹੌਟਸਟਾਰ ਦੀ ਵੀਡੀਓ ਕਾਨਫਰੰਸ ਨਾਲ ਜੁੜੇ ਸਨ ਤਾਂ ਉਮੀਦ ਸੀ ਕਿ ਸ਼ਾਇਦ ਉਹ ‘ਕੁਲੀ ਨੰਬਰ 1’ ਬਾਰ ਕੋਈ ਐਲਾਨ ਕਰ ਸਕਦੇ ਹਨ, ਪਰ ਉਹ ਬਤੌਰ ਹੋਸਟ ਹੀ ਉਸ ਕਾਨਫਰੰਸ ਵਿੱਚ ਜੁੜੇ ਸਨ। ਅੱਗੋਂ ਇਹ ਤੈਅ ਹੈ ਕਿ ‘ਕੁਲੀ ਨੰਬਰ 1’ ਥੀਏਟਰ ਵਿੱਚ ਹੀ ਰਿਲੀਜ਼ ਹੋਵੇਗੀ। ਫਿਲਮ ਦੇ ਸਕ੍ਰਿਪਟ ਲੇਖਕ ਰੂਮੀ ਜਾਫਰੀ ਨੇ ਦੱਸਿਆ ਕਿ ਇਹ ਫਿਲਮ ਡਿਜੀਟਲ 'ਤੇ ਰਿਲੀਜ਼ ਨਹੀਂ ਹੋਵੇਗੀ। ਜਦ ਸਿਨੇਮਾਘਰ ਖੁੱਲ੍ਹਣਗੇ, ਤਦ ਇਸ ਨੂੰ ਰਿਲੀਜ਼ ਕੀਤਾ ਜਾਏਗਾ। ਰੂਮੀ ਨੇ ਸਾਲ 1995 ਵਿੱਚ ਬਣੀ ‘ਕੁਲੀ ਨੰਬਰ 1’ ਫਿਲਮ ਦੀ ਵੀ ਸਕ੍ਰਿਪਟ ਲਿਖੀ ਸੀ। ਉਹ ਕਹਿੰਦੇ ਹਨ, ਮੈਂ ਤੇ ਡੇਵਿਡ ਫਿਲਮ ਵਿੱਚ ਪੁਰਾਣੇ ਹਾਂ। ਵਰੁਣ ਧਵਨ ਨਵੇਂ ਹਨ ਇਸ ਸੀਰੀਜ਼ ਲਈ ਫਿਲਮ ਬਣ ਕੇ ਤਿਆਰ ਹੈ। ਸਿਨੇਮਾਘਰ ਖੁੱਲ੍ਹਣ 'ਤੇ ਹੀ ਇਸ ਫਿਲਮ ਨੂੰ ਰਿਲੀਜ਼ ਕਰਨ ਦੀ ਯੋਜਨਾ ਹੈ। ਉਧਰ ਦੱਖਣ ਭਾਰਤੀ ਅਭਿਨੇਤਾ ਪ੍ਰਭਾਸ ਨੇ ਇੰਸਟਾਗ੍ਰਾਮ 'ਤੇ ਦੱਸਿਆ ਕਿ ਉਸ ਦੀ ਅਗਲੀ ਫਿਲਮ ਜਿਸ ਨੂੰ ‘ਪ੍ਰਭਾਸ 20’ ਕਿਹਾ ਜਾ ਰਿਹਾ ਸੀ, ਉਸ ਦਾ ਅਸਲ ਟਾਈਟਲ ਅਤੇ ਫਿਲਮ ਦੀ ਪਹਿਲੀ ਝਲਕ 10 ਜੁਲਾਈ ਨੂੰ ਸਵੇਰੇ 10 ਵਜੇ ਜਾਰੀ ਕੀਤੀ ਜਾਏਗੀ। ਫਿਲਮ ਵਿੱਚ ਪੂਜਾ ਹੇਗੜਾ ਵੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ



Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।

ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates

A-1 RENOVATION GTA INC

416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd



PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience



Marriage

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਯੋਗਤਾ ਐੱਮ.ਬੀ.ਏ., ਉਮਰ 27 ਸਾਲ, ਕੱਦ 5 ਫੁਟ 5 ਇੰਚ, ਕੈਡੀਅਨ ਪੀ.ਆਰ., ਚੰਗੀ ਜੌਬ ਕਰ ਰਹੀ ਲਈ ਪੜ੍ਹੇ ਲਿਖੇ ਅਤੇ ਵੈੱਲ ਸੈਟਲਡ ਲੜਕੇ ਦੀ ਲੋੜ ਹੈ। ਵਰਕ ਪਰਮਟ 'ਤੇ ਆਏ ਲੜਕੇ ਵੀ ਸੰਪਰਕ ਕਰ ਸਕਦੇ ਹਨ। ਕਾਲ: 647-569-3479, ਵਟਸਐਪ: 94640-41287

ਜੱਟ ਸਿੱਖ ਲੜਕੀ, 35 ਸਾਲ, 5 ਫੁਟ 3 ਇੰਚ, ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਲਈ ਕੈਨੇਡੀਅਨ ਪੀ.ਆਰ. ਜੱਟ ਸਿੱਖ ਲੜਕੇ ਦੀ ਲੋੜ ਹੈ। ਕਾਲ: 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## UPPAL LAW

AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

FREE Consultation
* PRIOR APPOINTMENT NECESSARY

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential ▪ Commercial ▪ Industrial
- Hotel ▪ Motel ▪ Exterior
- Interior ▪ Spray Painting
- Office Painting ▪ Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

OURR HOME & APPLIANCES

UPTO 70% OFF WAREHOUSE SALE

416.551.3343 OPEN TO PUBLIC

www.ourrhomeappliances.com

Unbeatable Prices with Excellent Customer Service

SERVING ONTARIO FROM

TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343

STONEY CREEK
#6 – 410 LEWIS ROAD
STONEY CREEK, ON L8E 5Y7
(905) 643-0818

LONDON
#4 -1540 FANSHAWE PARK RD. W,
LONDON, ON N6H 5L8
(519)-641-1010

BRAMPTON
1-241 CLARENCE ST.
BRAMPTON, ON L6W 3E7
(416)-551-3343

AUTHORISED DEALER OF ALL NAME BRANDS

JENN-AIR, Whirlpool, MAYTAG, Electrolux, SAMSUNG, LG, KitchenAid, FRIGIDAIRE, GE

BRAND NEW & OPEN BOX APPLIANCES

REXDALE BODY SHOP

USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

25 years of Canadian Experience

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

OPEN MON - SAT 9AM TO 7PM

CHEEMA

LOWEST PRICE IN TOWN

Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com

ਨਵਾਂ ਘਾਹ ਲਵਾਉ

647-784-1213

www.aaalandscaping.ca

1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

NEED A LAWYER ??

KAUR LAW OFFICE

Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.780.5777
416.802.5866

31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇ'ਲੂ'ਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।